
ਸੋਵੀਅਤ-ਯੂਨੀਅਨ
ਵਿਚ
ਪਿਨਸ਼ਨ-ਨੇਮ



ਐਨ : ਬੈਲੀਏਵ

ਸੋਵੀਅਤ ਸਫ਼ਾਰਤ ਖਾਨੇ ਦਾ ਸੂਚਨਾ ਵਿਭਾਗ,
ਨਵੀਂ ਦਿੱਲੀ

ਜੁਲਾਈ, 1957

ਮੁਲ : 15 ਨਵੇਂ ਪੈਸੇ

Printed by Shri Gopi Nath Seth, Navin Press, Dariyaganj, D
and Published by G. Efimov, for the Information Deptt.
of the U. S. S. R. Embassy in India, 25, Bara-
Khambha Road, New Delhi.

ਤ ਤ ਕ ਰਾ

1. ਅਕਤੂਬਰ ਇਨਕਲਾਬ ਦੀ ਮਹੱਤਵ-ਪੂਰਨ ਦੇਣ

ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਵਲੋਂ ਪਾਸ ਕੀਤਿਆ ਰਿਆਇਤੀ ਪਿਨਸ਼ਨਾਂ ਦਾ ਨਵਾਂ ਕਨੂੰਨ ਪਹਿਲੀ ਅਕਤੂਬਰ, 1956, ਨੂੰ ਲਾਗੂ ਕੀਤਾ ਗਿਆ। ਇਸ ਕਨੂੰਨ ਦਾ ਸੰਬੰਧ ਦੇਸ਼ ਭਰ ਦੇ ਲੋਕਾਂ [illegible] ਦੇ [illegible] ਹਿੱਤਾਂ ਨਾਲ ਹੈ, ਇਹ ਇਕ ਮਹਾਨ ਇਤਿਹਾਸਕ ਮਹੱਤਤਾ ਦਾ ਕਦਮ ਹੈ। ਇਸ ਬਾਰੇ ਇਸ ਗੱਲ ਤੋਂ [illegible] ਦੇਸ਼ ਦੀ [illegible] ਕਿ ਦੇਸ਼ ਦੇ ਕਰੋੜਾਂ [illegible] ਦੇ ਵਿਚਾਰ ਵਟਾਂਦਰਿਆਂ ਦੇ ਇਸ ਕਨੂੰਨ ਵਿਚ ਦਿਲਚਸਪੀ ਦਾ ਪ੍ਰਗਟਾ ਕੀਤਾ ਸੀ।

[illegible] ਕੁਝ ਸਮੇਂ ਤੋਂ ਸ਼ਾਇਦ ਸੀ, ਇਸ [illegible] [illegible] [illegible] ਇਸ [illegible] ਤੋਂ ਪਿਛੋਂ [illegible] [illegible] ਦੇਣੀ, ਪਰ [illegible] ਨੂੰ [illegible] ਇਸ ਤੋਂ [illegible] [illegible] ਦਾ ਹੈ, [illegible] ਦੇ [illegible] ਦਾ ਹੈ, [illegible] [illegible] ਦੇ [illegible] ਦੀ [illegible] ਵਿਚ [illegible] [illegible] ਹੈ। [illegible] ਵਿਚ [illegible] ਇਸ [illegible] ਵਾਲੀ ਦੇਣੀ ਸੀ ਕਿ [illegible] [illegible] ਵਿਚਾਰ ਹੋ ਜਾਣ, [illegible] [illegible] [illegible] ਦੇਣੀ ਹੀ [illegible] [illegible] ਵਾਲੀ [illegible] ਹੋ ਜਾਣ।

[illegible] [illegible] ਇਸ [illegible] [illegible] ਹੈ [illegible]

[illegible]

ਪੁਰਾਣੇ ਸਮਿਆਂ ਦੇ ਜ਼ਾਰਸ਼ਾਹੀ ਰੂਸ ਵਿਚ ਪਿਨਸ਼ਨਾਂ ਸਬੰਧੀ ਅਸਲੋਂ ਹੀ ਕੋਈ ਕਨੂੰਨ ਨਹੀਂ ਸੀ, ਸਿਵਾਏ ਉਹਨਾਂ ਥੋੜੀਆਂ ਜਹੀਆਂ ਪਿਨਸ਼ਨਾਂ ਦੇ, ਜੋ ਜ਼ਾਰਸ਼ਾਹੀ ਅਧਿਕਾਰੀਆਂ ਅਤੇ ਦਰਬਾਰੀ ਅਮੀਰਸ਼ਾਹੀ ਨੂੰ ਦਿਤੀਆਂ ਜਾਂਦੀਆਂ ਸਨ ।

ਕਾਮਿਆਂ ਦੀ ਕੁਲ ਗਿਣਤੀ ਦੇ ਸਿਰਫ ਛੇਵੇਂ ਹਿੱਸੇ ਦਾ ਬੀਮਾ ਕੀਤਾ ਜਾਂਦਾ ਸੀ । ਇਹ ਬੀਮਾ ਵੀ ਕਾਮਿਆਂ ਵਲੋਂ ਦਿਤੀ ਗਈ ਰਕਮ, ਜੋ ਉਹਨਾਂ ਦੀ ਆਮਦਨ ਦਾ ਇਕ ਤੋਂ ਤਿੰਨ ਫੀ ਸਦੀ ਹਿੱਸਾ ਹੁੰਦੀ ਸੀ, ਅਤੇ ਮਾਲਕਾਂ ਵਲੋਂ ਦਿਤੇ ਗਏ ਕੁਝ ਹਿੱਸੇ, ਵਿਚੋਂ ਤਾਰਿਆ ਜਾਂਦਾ ਸੀ ।

ਕਾਮਿਆਂ ਤੇ ਦਫ਼ਤਰੀ-ਮੁਲਾਜ਼ਮਾਂ ਦੀ ਬੇਓੜਕ ਗਿਣਤੀ, ਜੋ ਉਮਰ ਤੋਂ ਪਹਿਲਾਂ ਹੀ ਬੁਢੇਪੇ ਦਾ ਸ਼ਿਕਾਰ ਹੋ ਜਾਂਦੀ ਸੀ, ਨਿਰਬਾਹ ਦੇ ਇਨਾਂ ਕਿਸੇ ਹਥ-ਠੋਕੇ ਦੇ, ਭੁਖੀ ਮਰਣ ਲਈ ਛਡ ਦਿਤੀ ਜਾਂਦੀ ਸੀ । ਸ਼ਹਿਰਾਂ ਦੀਆਂ ਗੰਦੀਆਂ ਆਬਾਦੀਆਂ, ਨਿਘਰੇ, ਕੰਗਾਲ ਤੇ ਨਿੱਗਰ-ਚੁਕੇ ਲੋਕਾਂ ਦੀ ਭਾਰੀ ਗਿਣਤੀ ਨਾਲ ਭਰੀਆਂ ਪਈਆਂ ਸਨ ।

ਕੈਮੇਰੋਵੋ ਦੀ "ਸੀਵਰਨਾਇਆ" ਖਾਨ ਦੇ ਫੋਰਮੈਨ ਅਲਿਗਜ਼ੰਡਰ ਕਾਲੋਫ਼ ਨੇ ਪੁਰਾਣੇ ਵਕਤਾਂ ਨੂੰ ਯਾਦ ਕਰਦਿਆਂ ਕਿਹਾ—"1911 ਵਿਚ ਮੈਂ ਕੈਮਰਖੋਵੋ ਕੋਲੇ ਦੀਆਂ ਖਾਣਾਂ ਵਿਚ ਕੰਮ ਕਰਦਾ ਸਾਂ । ਉਥੇ ਇਕ ਬੜਾ ਬਿਰਧ ਖਾਣੀ-ਮਜ਼ੂਰ ਸੀ, ਜੋ ਰੋਗੀ ਹੋਣ ਕਾਰਨ ਭਾਰਾ ਕੰਮ ਨਹੀਂ ਸੀ ਕਰ ਸਕਦਾ । ਉਸ ਨੂੰ ਉਥੋਂ ਧੱਕਾ ਦੇ ਦਿਤਾ ਗਿਆ । ਕਿਸੇ ਪਰਕਾਰ ਦੀ ਪਿਨਸ਼ਨ ਤਾਂ ਉਦੋਂ ਹੁੰਦੀ ਹੀ ਨਹੀਂ ਸੀ ; ਬਸ, ਉਹ ਮੰਗਤਾ ਬਣ ਗਿਆ ।"

ਇਹੀ ਹਾਲਤ ਉਹਨਾਂ ਸਮਿਆਂ ਵਿਚ ਹਰ ਜਗ੍ਹਾ ਸੀ । ਜ਼ਾਰ ਸਰਕਾਰ ਨੇ ਕਈ ਵਾਰ ਭਿਖ-ਮੰਗਣ ਤੇ ਅਵਾਰਗੀ ਦੇ ਖਿਲਾਫ਼ ਕਨੂੰਨ ਪਾਸ ਕੀਤੇ, ਪਰ ਭਿਖ-ਮੰਗਿਆਂ ਦੀ ਗਿਣਤੀ ਦਿਨ ਬਦਿਨ ਵਧਦੀ ਹੀ ਗਈ ।

ਸੋਵੀਅਤ ਯੂਨੀਅਨ ਵਿਚ, ਬੇਰੁਜ਼ਗਾਰੀ ਦੇ ਖਤਮ ਹੋਣ ਨਾਲ ਅਤੇ ਅਕਤੂਬਰ ਇਨਕਲਾਬ ਪਿਛੋਂ ਚੁਕੇ ਗਏ ਦੂਸਰੇ ਸਮਾਜਕ ਕਦਮਾਂ ਸਦਕਾ, ਪਦਾਰਥਕ ਅਰੱਖਿਅਤਾ, ਗਰੀਬੀ ਅਤੇ ਕੰਗਾਲੀ ਦਾ ਫਸਤਾ ਵਢ ਦਿਤਾ ਗਿਆ ਹੈ । ਏਸੇ ਸਿਲਸਿਲੇ ਵਿਚ, ਮਹਾਨ ਮਹਤੱਤਾ ਦਾ ਕੰਮ ਸਮਾਜਕ-ਬੀਮੇ ਦਾ ਹੈ, ਜਿਸ ਕਈ ਪ੍ਰਕਾਰ ਦੀ ਸਮਾਜਕ-

ਰਖਿਆ—ਪਿਨਸ਼ਨਾਂ, ਆਰਜ਼ੀ ਨਿਰਯੋਗਤਾ ਸਮੇਂ ਸਹੂਲਤਾਂ, ਬਿਰਧਾਂ ਅਤੇ ਰੋਗੀਆਂ ਲਈ ਆਰਾਮ-ਘਰਾਂ ਦੀ ਸਥਾਪਣਾ, ਵਡਿਆਂ ਟਬਰਾਂ ਵਾਲੀਆਂ ਮਾਵਾਂ ਅਤੇ ਅਨਵਿਆਹੀਆਂ ਮਾਵਾਂ ਨੂੰ ਸਹਾਇਤਾ ਇਤਿ ਆਦਿ-ਲੋਕਾਂ ਨੂੰ ਦਿਤੀ ਹੈ।

ਅਕਤੂਬਰ ਇਨਕਲਾਬ ਦੇ ਪੰਜ ਦਿਨ ਮਗਰੋਂ ਪਹਿਲੀ ਨਵੰਬਰ, 1917 (ਪੁਰਾਣੇ ਕੈਲੰਡਰ ਅਨੁਸਾਰ) ਨੂੰ ਗੌਰਮਿੰਟ ਨੇ "ਸਮਾਜਕ-ਬੀਮੇ ਦਾ ਐਲਾਨ" ਛਾਪਿਆ, ਜਿਸ ਵਿਚ ਕਿਹਾ ਗਿਆ ਕਿ ਕਾਮਿਆਂ ਤੇ ਕਿਸਾਨਾਂ ਦੀ ਬਣੀ ਨਵੀਂ ਸਰਕਾਰ "ਛੇਤੀ ਹੀ ਕਾਮਿਆਂ ਦੇ ਬੀਮੇ-ਸਬੰਧੀ-ਨਾਅਰਿਆਂ ਮੁਤਾਬਿਕ ਮੁਕੰਮਲ ਸਮਾਜਕ-ਬੀਮੇ ਦੇ ਫਰਮਾਨ ਜਾਰੀ ਕਰੇਗੀ।"

1917 ਦੇ ਨਵੰਬਰ ਤੇ ਦਸੰਬਰ ਮਹੀਨਿਆਂ ਵਿਚ ਸੋਵੀਅਤ ਸਰਕਾਰ ਨੇ ਕਈ ਉਚੇਚੇ ਫਰਮਾਨ ਜਾਰੀ ਕੀਤੇ, ਜਿਨ੍ਹਾਂ ਰਾਹੀਂ ਸਾਰੇ ਕਾਮਿਆਂ ਲਈ, ਨਿਕਾਰੇ ਹੋ ਜਾਣ ਦੀਆਂ ਸਭਨਾਂ ਹਾਲਤਾਂ ਵਿਚ, ਮੁਕੰਮਲ ਸਮਾਜਕ-ਬੀਮੇ ਦਾ ਐਲਾਨ ਕੀਤਾ ਗਿਆ। ਇਸ ਨਾਲ ਨਿਰਯੋਗੀਆਂ ਦੀ ਮੰਦੀ ਅਵੱਸਥਾ ਦਾ ਖ਼ਾਤਮਾ ਹੋਇਆ; ਭਵਿਸ਼ ਦਾ ਭੈ ਉਹਨਾਂ ਦੇ ਮਨੋਂ ਲਥਾ। ਸਮਾਜਕ-ਰਖਿਆ, ਜਿਸ ਵਿਚ ਪਿਨਸ਼ਨ-ਸਿਸਟਮ ਵੀ ਸ਼ਾਮਿਲ ਹੈ, ਅਕਤੂਬਰ ਸੋਸ਼ਿਲਿਸਟ ਇਨਕਲਾਬ ਦੀ ਇਕ ਮਹਾਨ ਦੇਣ ਹੈ।

2. ਪਿਨਸ਼ਨਾਂ ਅਤੇ ਸਮਾਜਕ-ਬੀਮਾ

ਸੋਵੀਅਤ ਯੂਨੀਅਨ ਵਿਚ ਬਿਰਧ, ਰੋਗੀ ਤੇ ਨਿਕਾਰੇ ਲੋਕਾਂ ਲਈ ਪਿਨਸ਼ਨਾਂ, ਪਦਾਰਥਕ-ਰਖਿਆ ਦਾ ਇਕ ਬੜਾ ਜ਼ਰੂਰੀ ਸਾਧਨ ਹਨ। ਪਰ ਸਿਰਫ਼ ਇਹੀ ਨਹੀਂ। ਪਿਨਸ਼ਨਾਂ ਤਾਂ ਸਿਰਫ਼ ਇਕ ਹਿਸਾ ਹਨ, ਉਸ ਸਮਾਜਕ-ਬੀਮੇ ਦਾ, ਜਿਸ ਰਾਹੀਂ ਕਈ ਪਰਕਾਰ ਦੀ ਪਦਾਰਥਕ-ਰਖਿਆ ਲੋਕਾਂ ਨੂੰ ਦਿਤੀ ਜਾਂਦੀ ਹੈ, ਜਿਵੇਂ ਕਿ ਆਰਜ਼ੀ ਤੌਰ ਤੇ ਨਿਕਾਰਾ ਹੋ ਗਏ ਲੋਕਾਂ ਨੂੰ ਸਹਾਇਤਾ, ਪਰਸੂਤ-ਸਹਾਇਤਾ, ਵਡੇ ਟਬਰਾਂ ਵਾਲੀਆਂ ਅਤੇ ਅਨਵਿਆਹੀਆਂ ਮਾਵਾਂ ਨੂੰ ਸਰਕਾਰੀ ਸਹਾਇਤਾ, ਨਕਲੀ ਦੰਦ ਤੇ ਲੱਤਾਂ ਆਦਿ ਮੁਫ਼ਤ ਲਗਵਾਣ ਦਾ ਪ੍ਰਬੰਧ, ਸਿਹਤਗਾਹਾਂ ਤੇ ਅਰੋਗਤਾ-ਭਵਨਾਂ ਵਿਚ ਇਲਾਜ ਇਤਿ ਆਦਿ......

ਕਈ ਸਾਲਾਂ ਤੋਂ ਰਿਆਸਤੀ ਸਮਾਜਕ-ਬੀਮੇ ਦਾ ਸਿਸਟਮ ਉਨਤੀ ਕਰ ਰਿਹਾ ਹੈ, ਚੰਗੇਰਾ ਬਣ ਰਿਹਾ ਹੈ। ਅਜ, ਇਸ ਦੇ ਖਾਸ ਖਾਸ ਲਛਣ ਕੀਹ ਹਨ ?

ਪਹਿਲਾ : ਇਸ ਸਿਸਟਮ ਥਲੇ ਸਭ ਕਾਮਿਆਂ ਅਤੇ ਦਫ਼ਤਰੀ ਮੁਲਾਜ਼ਮਾਂ ਨੂੰ, ਬਿਨਾਂ ਕਿਸੇ ਛੋਟ ਦੇ, ਬਿਨਾਂ ਕੰਮ ਦੀ ਕਿਸਮ, ਲਿੰਗ, ਸਿਆਸੀ ਤੇ ਧਾਰਮਿਕ ਵਿਚਾਰ ਅਤੇ ਕੌਮੀਅਤ ਦੇ ਕਿਸੇ ਵਿਤਕਰੇ ਦੇ, ਸਹਾਇਤਾ ਦਿਤੀ ਜਾਂਦੀ ਹੈ।

ਦੂਸਰਾ : ਕਿਰਤੀ ਲੋਕਾਂ ਨੂੰ ਸਮਾਜਕ-ਬੀਮੇ ਦੇ ਫੰਡ ਵਿਚ ਆਪਣੇ ਪਲਿਓਂ ਕੁਝ ਨਹੀਂ ਪਾਉਣਾ ਪੈਂਦਾ। ਇਹ ਫੰਡ ਅਦਾਰਿਆਂ ਤੇ ਸੰਸਥਾਵਾਂ ਦੀ ਆਮਦਨ 'ਚੋਂ ਹੀ ਕੁਝ ਹਿੱਸਾ ਲੈ ਕੇ ਭਰਿਆ ਜਾਂਦਾ ਹੈ।

ਕਾਮੇ ਤੇ ਦਫ਼ਤਰੀ-ਮੁਲਾਜ਼ਮ ਉਸ ਦਿਨ ਤੋਂ ਹੀ, ਜਦ ਉਹ ਕਿਸੇ ਅਦਾਰੇ ਜਾਂ ਸੰਸਥਾ ਵਿਚ ਕੰਮ ਲਗਦੇ ਹਨ, ਸਮਾਜਕ-ਬੀਮੇ ਥਲੇ, ਹਰ ਪਰਕਾਰ ਦੇ ਨਿਰਬਾਹ ਦੇ ਹਕਦਾਰ ਹੋ ਜਾਂਦੇ ਹਨ।

ਸੋਵੀਅਤ ਸਮਾਜਕ-ਬੀਮਾ ਸਭ ਪਰਕਾਰ ਦੀ ਨਿਰਯੋਗਤਾ—ਬੀਮਾਰੀ, ਸਟ ਪੇਟ ਲਗਣ, ਬੁਢੇਪੇ, ਨਿਕਾਰਾ ਹੋ ਜਾਣ, ਗਰਭ ਤੇ ਪਰਸੂਤ, ਟਬਰ ਦੇ ਕਮਾਊ-ਜੀਅ ਦੇ ਸੁਰਗਵਾਸ ਹੋ ਜਾਣ—ਸਮੇਂ ਪਦਾਰਥਕ-ਰਖਿਆ ਦੇਂਦਾ ਹੈ।

ਮਾਇਕ ਸਹਾਇਤਾ ਤੇ ਪਿਨਸ਼ਨਾਂ ਤੋਂ ਇਲਾਵਾ ਸਮਾਜਕ-ਬੀਮੇ ਦੇ ਫੰਡ ਵਿਚੋਂ ਸੋਵੀਅਤ ਯੂਨੀਅਨ ਦੇ ਕਿਰਤੀ ਲੋਕਾਂ ਲਈ, ਸਿਹਤਗਾਹਾਂ ਤੇ ਆਰਾਮ-ਘਰਾਂ ਵਿਚ, ਬਿਲਕੁਲ ਮੁਫ਼ਤ ਅਤੇ ਜਾਂ, ਬੜੇ ਥੋੜੇ ਖਰਚੇ ਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਂਦਾ ਹੈ; ਡਾਕਟਰ ਵਲੋਂ ਨੀਅਤ ਕੀਤੀ ਗਈ ਖੁਰਾਕ ਦਿਤੀ ਜਾਂਦੀ ਹੈ ਅਤੇ ਕਾਮਿਆਂ ਤੇ ਦਫਤਰੀ-ਮੁਲਾਜ਼ਮਾਂ ਦੇ ਬਚਿਆਂ ਲਈ ਬਾਲਕ-ਸਭਾਈ ਕੈਂਪਾਂ ਅਤੇ ਬਾਲਕ-ਅਰੋਗਤਾ-ਘਰਾਂ ਵਿਚ ਛੁਟੀਆਂ ਕਟਣ ਦਾ ਬੰਦੋਬਸਤ ਕੀਤਾ ਜਾਂਦਾ ਹੈ। ਏਸੇ ਫੰਡ ਵਿਚੋਂ ਲੋਕਾਂ ਨੂੰ ਅਰੋਗ ਰਖਣ ਲਈ ਹੋਰ ਵੀ ਕਈ ਪਰਕਾਰ ਦਾ ਇੰਤਜ਼ਾਮ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਸਮਾਜਕ-ਬੀਮੇ ਦੇ ਫੰਡ 'ਚੋਂ ਕਾਮਿਆਂ ਤੇ ਦਫ਼ਤਰੀ-ਮੁਲਾਜ਼ਮਾਂ ਨੂੰ ਦਿਤੀਆਂ ਜਾ ਰਹੀਆਂ ਮਾਇਕ ਸਹਾਇਤਾਵਾਂ ਅਤੇ ਉਚੇਚੀਆਂ ਸਹੂਲਤਾਂ ਨਾਲ ਉਹਨਾਂ ਦੀ ਆਮਦਨ ਵਿਚ ਖਾਸਾ ਵਾਧਾ ਹੋ ਜਾਂਦਾ ਹੈ।

ਸੋਵੀਅਤ ਆਰਥਕਤਾ ਵਿਚ ਹੋ ਰਹੀ ਸਿਲਸਲੇਵਾਰ ਤੇ ਬਕਾਇਦਾ ਉਨਤੀ ਸਦਕਾ ਇਹ ਮੁਮਕਨ ਹੋ ਜਾਂਦਾ ਹੈ ਕਿ ਰਿਆਸਤ ਵਲੋਂ ਸਮਾਜਕ-ਬੀਮੇ ਅਤੇ ਪਿਨਸ਼ਨਾਂ ਉਤੇ ਵਧੇਰੇ ਖਰਚ ਕੀਤਾ ਜਾ ਸਕੇ। ਮਿਸਾਲ ਵਜੋਂ—1955 ਵਿਚ, ਸਮਾਜਕ-ਬੀਮੇ ਦੇ ਬਜਟ ਦੀ ਆਮਦਨ 2,650 ਕ੍ਰੋੜ ਰੂਬਲ ਸੀ ਜਦ ਕਿ 1940 ਵਿਚ ਕੇਵਲ 860 ਕ੍ਰੋੜ ਰੂਬਲ। 1955 ਵਿਚ ਸਮਾਜਕ-ਬੀਮੇ ਦੇ ਫ਼ੰਡ 'ਚੋਂ ਦਿੱਤੀਆਂ ਗਈਆਂ ਪਿਨਸ਼ਨਾਂ ਦੀ ਰਕਮ 1940 ਦੀ ਰਕਮ ਨਾਲੋਂ 5·3 ਗੁਣਾਂ ਵਧੀਕ ਸੀ। ਪਿਨਸ਼ਨਾਂ ਦਾ ਕੁਲ ਖਰਚਾ, ਜੇਕਰ ਉਸ ਵਿਚ ਜੰਗ ਦੇ ਰੋਗੀਆਂ ਤੇ ਫਟੜਾਂ ਨੂੰ ਦਿਤੀਆਂ ਪਿਨਸ਼ਨਾਂ ਅਤੇ ਫ਼ੌਜੀਆਂ ਦੇ ਉਹਨਾਂ ਟਬਰਾਂ ਨੂੰ ਦਿਤੀ ਰਕਮ, ਜਿਨ੍ਹਾਂ ਦੇ ਕਮਾਊ-ਮਿੰਬਰ ਮਰ ਗਏ ਸਨ, ਵੀ ਸ਼ਾਮਲ ਕਰ ਲਈ ਜਾਏ, ਤਾਂ ਉਹ ਇਸ ਸਮੇਂ (1940–55) ਵਿਚ ਨੌਂ ਗੁਣਾਂ ਵਧ ਚੁਕਿਆ ਹੋਵੇਗਾ।

3. ਸਰਕਾਰ ਨੇ ਜਨਤਾ ਦੀ ਸਲਾਹ ਲਈ

ਸੋਵੀਅਤ ਜਨਤਾ ਦੀ ਭਾਰੀ ਗਿਣਤੀ ਨੇ ਆਪਣੀਆਂ ਮਜ਼ਦੂਰ ਯੂਨੀਅਨਾਂ ਰਾਹੀਂ, ਨਵੇਂ ਕਨੂੰਨ ਦਾ ਖਰੜਾ ਤਿਆਰ ਕਰਨ ਵਿਚ ਸਰਕਾਰੀ ਮਹਿਕਮਿਆਂ ਦਾ ਹਥ ਵੰਡਾਇਆ। ਕਨੂੰਨ ਦੇ ਖਰੜੇ ਦੀਆਂ ਵਖ ਵਖ ਮੱਦਾਂ ਉਤੇ ਹੋ ਰਹੀ ਬਹਿਸ ਵਿਚ ਹਿਸਾ ਲੈਣ ਲਈ ਪਿਨਸ਼ਨੀਆਂ ਦੇ ਕਈ ਟੋਲਿਆਂ ਨੂੰ ਸੱਦਾ ਦਿਤਾ ਗਿਆ।

ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਦੇ ਵਿਚਾਰ ਕਰਣ ਤੋਂ ਦੋ ਮਹੀਨੇ ਪਹਿਲਾਂ ਇਸ ਖਰੜੇ ਨੂੰ ਆਮ ਜਨਤਾ ਦੇ ਵਿਚਾਰਨ ਲਈ, ਅਖਬਾਰਾਂ ਵਿਚ ਛਾਪ ਦਿਤਾ ਗਿਆ।

ਬਹਿਸ ਦੇ ਦੌਰਾਨ ਵਿਚ ਕਾਮਿਆਂ, ਦਫ਼ਤਰੀ- ਮੁਲਾਜ਼ਮਾਂ, ਇੰਜੀ-ਨੀਅਰਾਂ, ਸਾਇੰਸਦਾਨਾਂ, ਡਾਕਟਰਾਂ, ਸਕੂਲ-ਮਾਸਟਰਾਂ ਅਤੇ ਪਿਨਸ਼ਨੀਆਂ ਨੇ ਅਖਬਾਰਾਂ ਤੇ ਕੇਂਦਰੀ ਸੰਸਥਾਵਾਂ ਨੂੰ ਭੇਜੇ ਆਪਣੇ ਖਤਾਂ ਤੇ ਲੇਖਾਂ ਰਾਹੀਂ ਮੁਤਫ਼ਿਕਾ ਤੌਰ ਤੇ ਇਹ ਰਾਏ ਪ੍ਰਗਟ ਕੀਤੀ ਕਿ ਨਵਾਂ ਕਨੂੰਨ ਜਨਤਕ-ਖੁਸ਼ਹਾਲੀ ਵਲ ਪੁਟਿਆ ਇਕ ਮਹੱਤਵ-ਪੂਰਨ ਕਦਮ ਹੈ। ਸਮੁਚੇ ਤੌਰ ਤੇ ਇਸ ਖਰੜੇ ਦੀ ਮਨਜ਼ੂਰੀ ਦੇਂਦਿਆਂ ਲੋਕਾਂ ਨੇ ਇਸ ਕਨੂੰਨ ਦੀਆਂ ਕਈ ਇਕ ਮੱਦਾਂ ਵਿਚ ਤਰਮੀਮਾਂ ਤੇ ਵਾਧੇ ਕਰਨ ਦੇ ਸੁਝਾਉ ਵੀ ਦਿਤੇ।

ਸਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਦੇ ਦੋਵਾਂ ਸਦਨਾਂ ਦ ਕਨੂੰਨ-ਘੜਨੀਆਂ-ਤਜਵੀਜ਼ਾਂ ਦੇ ਕਮਿਸ਼ਨਾਂ ਨੇ ਇਸ ਨਵੇਂ ਕਨੂੰਨ ਦੇ ਖਰੜੇ ਉਤੇ ਜਨਤਾ ਵਲੋਂ ਭੇਜੀਆਂ ਗਈਆਂ ਰਾਵਾਂ ਤੇ ਤਰਮੀਮਾਂ ਵਾਲੇ 12,000 ਖ਼ਤਾਂ ਦਾ ਮੁਤਾਲਿਆ ਕੀਤਾ ; ਇਹਨਾਂ 'ਚੋਂ ਕਈ ਖਤਾਂ ਦੇ ਲੇਖਕਾਂ ਨੇ ਇਸ ਗਲ ਵਲ ਧਿਆਨ ਦੁਆਇਆ ਸੀ ਕਿ ਪਿਨਸ਼ਨਾਂ ਦੀ ਰਕਮ ਨੀਅਤ ਕਰਨ ਲਗਿਆਂ, ਕੰਮ ਅਨੁਸਾਰ ਪਦਾਰਥ-ਵੰਡ ਦੇ ਅਸੂਲ ਵਲ ਵਧੇਰੇ ਧਿਆਨ ਦਿਤਾ ਜਾਏ, ਅਤੇ ਜ਼ਿਆਦਾ ਵਰ੍ਹੇ ਕੰਮ ਕਰਨ ਵਾਲੇ ਕਾਮੇ ਨੂੰ ਜ਼ਿਆਦਾ ਪਿਨਸ਼ਨ ਦਿਤੀ ਜਾਏ। ਇਸ ਦੇ ਨਾਲ ਲਗਦੀ ਇਹ ਤਜਵੀਜ਼ ਵੀ ਦਿਤੀ ਗਈ ਕਿ ਇਸ ਕਨੂੰਨ ਵਿਚ ਉਹਨਾਂ ਲੋਕਾਂ ਨੂੰ ਪਿਨਸ਼ਨ ਦੇਣ ਦੀ ਮੱਦ ਵੀ ਸ਼ਾਮਿਲ ਕਰ ਲਈ ਜਾਏ ਜਿਹੜੇ ਜਨਮ ਤੋਂ ਹੀ ਰੋਗੀ ਹੋਣ ਅਤੇ ਜਿਹੜੇ ਬਚਪਨ ਵਿਚ ਕਿਸੇ ਹਾਦਸੇ ਕਾਰਨ ਨਿਰਯੋਗ ਹੋ ਗਏ ਹੋਣ।

ਲੋਕਾਂ ਨੇ ਇਹ ਸੁਝਾਉ ਵੀ ਦਿਤਾ ਕਿ ਵਡੇ ਟੱਬਰਾਂ ਵਾਲੀਆਂ ਮਾਂਵਾਂ ਨੂੰ ਉਚੇਚੀਆਂ ਰਿਆਇਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਇਹਨਾਂ 'ਚੋਂ ਬਹੁਤੀਆਂ ਤਜਵੀਜ਼ਾਂ ਇਸ ਗੱਲ ਦੀ ਸਿਫਾਰਸ਼ ਕਰਦੀਆਂ ਸਨ ਕਿ ਉਹਨਾਂ ਇਸਤਰੀਆਂ ਨੂੰ ਜਿਨ੍ਹਾਂ ਪੰਜ ਜਾਂ ਪੰਜ ਤੋਂ ਵਧੀਕ ਬੱਚਿਆਂ ਨੂੰ ਜਨਮ ਦਿਤਾ ਹੈ ਅਤੇ ਉਹਨਾਂ ਨੂੰ 8 ਸਾਲ ਦੀ ਉਮਰ ਤਕ ਪਾਲਿਆ ਹੈ, ਬਾਕੀ ਇਸਤਰੀਆਂ ਨਾਲੋਂ, 55 ਸਾਲ ਦੀ ਉਮਰ ਵਿਚ ਅਤੇ 20 ਸਾਲ ਦੀ ਨੌਕਰੀ ਤੋਂ ਪਹਿਲਾਂ ਪਿਨਸ਼ਨ ਦਿਤੀ ਜਾਣੀ ਚਾਹੀਦੀ ਹੈ।

ਜਨਤਾ ਦੇ ਪ੍ਰਤੀਨਿਧ ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਦ ਡਿਪਟੀ, ਜਦ ਜੁਲਾਈ, 1956 ਨੂੰ ਆਪਣੇ ਪੰਜਵੇਂ ਨੇਮ-ਪੂਰਬਕ ਸੈਸ਼ਨ ਵਿਚ, ਪਿਨਸ਼ਨ ਕਾਨੂੰਨ ਦੇ ਖਰੜੇ ਤੇ ਵਿਚਾਰ ਕਰਨ ਅਤੇ ਵੋਟ ਲੈਣ ਲਈ ਇਕੱਠੇ ਹੋਏ ਤਾਂ ਉਹਨਾਂ ਆਪਣੇ ਵਲੋਂ ਤੇ ਆਪਣੇ ਵੋਟਰਾਂ ਵਲੋਂ ਕਈ ਕੀਮਤੀ ਤਜਵੀਜ਼ਾਂ ਪੇਸ਼ ਕੀਤੀਆਂ।

ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਦੇ ਦੋਵਾਂ ਸਦਨਾਂ ਦੇ ਕਨੂੰਨ-ਘੜਨੀਆਂ-ਤਜਵੀਜ਼ਾਂ ਦੇ ਕਮਿਸ਼ਨਾਂ ਨੇ ਜਦ ਪੇਸ਼ ਹੋਈਆਂ ਤਰਮੀਮਾਂ ਅਤੇ ਵਾਧਿਆਂ ਦਾ ਚੰਗੀ ਤਰ੍ਹਾਂ ਮੁਤਾਲਿਆ ਕਰ ਲਿਆ ਤਾਂ ਉਹਨਾਂ 'ਚੋਂ ਕਈ ਇਕ ਤਜਵੀਜ਼ਾਂ, ਉਤੇ ਦਸੀਆਂ ਜਾ ਚੁਕੀਆਂ ਸਮੇਤ, ਨਵੇਂ ਕਨੂੰਨ ਦੇ ਖਰੜੇ ਵਿਚ ਸ਼ਾਮਿਲ ਕਰ ਲਈਆਂ ਗਈਆਂ।

ਨਵੇਂ ਕਾਨੂੰਨ ਦਾ ਅਪਨਾਉਣਾ ਇਸ ਗੱਲ ਦੀ ਮੰਗ ਕਰਦਾ ਸੀ ਕਿ ਰਿਆਸਤੀ ਬਜਟ 'ਚੋਂ ਚੋਖੀ ਵਧ ਰਕਮ ਪਿਨਸ਼ਨਾਂ ਲਈ ਕੱਢੀ ਜਾਏ। ਮਿਸਾਲ ਵਜੋਂ, 1956 ਵਿਚ, ਪਹਿਲਾਂ ਪਿਨਸ਼ਨਾਂ ਲਈ 2,510 ਕਰੋੜ ਰੂਬਲ ਦੀ ਰਕਮ ਕੱਢਣ ਦਾ ਵਿਚਾਰ ਸੀ; ਪਰ ਜਦੋਂ ਨਵਾਂ ਕਨੂੰਨ ਪਾਸ ਹੋ ਗਿਆ, ਤਾਂ ਇਹ ਰਕਮ 3,820 ਕਰੋੜ ਰੂਬਲ ਤਕ ਜਾ ਪੁਜੀ। ਇਸ ਰਕਮ ਵਿਚੋਂ 50 ਕ੍ਰੋੜ ਰੂਬਲ ਉਹਨਾਂ ਤਰਮੀਮਾਂ ਤੇ ਵਾਧਿਆਂ ਦਾ ਖਰਚਾ ਪੂਰਾ ਕਰਨ ਲਈ ਚਾਹੀਦੇ ਸਨ, ਜਿਨ੍ਹਾਂ ਦੀ ਜਨਤਾਂ ਨੇ ਸਿਫਾਰਸ਼ ਕੀਤੀ ਸੀ। ਦੂਜੇ ਲਫ਼ਜ਼ਾਂ ਵਿਚ ਰਿਆਸਤ ਨੇ ਪਿਨਸ਼ਨਾਂ ਉਤੇ 1,300 ਕਰੋੜ ਰੂਬਲ ਦੀ ਰਕਮ ਵਧੇਰੇ ਖਰਚ ਕਰਨੀ ਸੀ।

ਵੀ: ਡੀ: ਫਿਲਿਪੋਫ਼, ਜੋ ਮਾਸਕੋ ਦੇ 'ਹਥੌੜਾ ਤੇ ਦਾਤਰੀ' ਨਾਂ ਦੇ ਲੋਹੇ ਅਤੇ ਫੌਲਾਦ ਦੇ ਕਾਰਖਾਨੇ ਵਿਚ 30 ਸਾਲਾਂ ਤੋਂ ਕੰਮ ਕਰ ਰਿਹਾ ਹੈ, ਨਵੇਂ ਪਿਨਸ਼ਨ-ਕਨੂੰਨ ਬਾਰੇ ਜਨਤਾ ਦੇ ਜਜ਼ਬਿਆਂ ਨੂੰ ਬੜੀ ਠੀਕ ਤਰ੍ਹਾਂ ਇਹਨਾਂ ਸ਼ਬਦਾਂ 'ਚ ਪੇਸ਼ ਕਰਦਾ ਹੈ :—

"ਪੁਰਾਣੇ ਵਕਤਾਂ ਵਿਚ ਅਸੀਂ ਬਿਰਧ ਲੋਕ ਗਲੀਆਂ ਵਿਚ ਸੁਟ ਦਿਤੇ ਜਾਂਦੇ ਸਾਂ। ਪਰ ਹੁਣ, ਅਸੀਂ ਆਪ ਵੇਖਿਆ ਹੈ ਕਿ ਕਿਸ ਤਰ੍ਹਾਂ ਸੁਪ੍ਰੀਮ ਸੋਵੀਅਤ ਨੇ ਕਈ ਦਿਨ ਇਸ ਗਲ ਤੇ ਵਿਚਾਰ ਕਰਨ ਤੇ ਲਾਏ ਹਨ ਕਿ ਬੁਢੇਪੇ ਅਤੇ ਨਿਰਯੋਗਤਾ ਦੀ ਅਵੱਸਥਾ ਵਿਚ ਕਾਮਿਆਂ ਦੇ ਨਿਰਬਾਹ ਦਾ ਕਿਵੇਂ ਚੰਗੇ ਤੋਂ ਚੰਗਾ ਬੰਦੋਬਸਤ ਹੋ ਸਕਦਾ ਹੈ। ਸਾਡੀ ਸਰਕਾਰ ਦਾ ਜਨਤਾ ਨਾਲ ਗੂੜ੍ਹਾ ਸਬੰਧ ਹੈ। ਜਨਤਾ ਨਾਲ ਮਿਲ ਕੇ ਹੀ ਸਰਕਾਰ ਨੇ ਇਸ ਅੱਤ ਜ਼ਰੂਰੀ ਸੁਆਲ ਦਾ ਫੈਸਲਾ ਕੀਤਾ ਹੈ—ਸੁਆਲ, ਜੋ ਬ੍ਰਿਧ-ਲੋਕਾਂ ਲਈ ਏਨੀ ਦਿਲਚਸਪੀ ਦਾ ਸੁਆਲ ਹੈ।"

4. ਨਵਾਂ ਪਿਨਸ਼ਨ ਕਨੂੰਨ ਕਿਉਂ ?

ਸੋਵੀਅਤ ਸਮਾਜ ਲਗਾਤਾਰ ਪ੍ਰਫੁਲਤ ਹੋ ਰਿਹਾ ਹੈ, ਉੱਨਤੀ ਕਰ ਰਿਹਾ ਹੈ। ਇਸ ਬਦਲਦੇ ਸਮਾਜ ਵਿਚ ਕਨੂੰਨ ਵੀ ਤਬਦੀਲ ਹੋਏ ਬਿਨਾਂ ਨਹੀਂ ਰਹਿ ਸਕਦੇ। ਕਨੂੰਨ ਨੂੰ, ਸਮਾਜ ਦੀਆਂ ਮੁਖ ਲੋੜਾਂ ਅਤੇ ਦੇਸ਼ ਦੇ ਸ਼ਹਿਰੀਆਂ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨਾ ਪੈਂਦਾ ਹੈ। ਸਮਾਜ ਦੇ ਬਦਲਣ ਨਾਲ ਪਿਨਸ਼ਨ ਦੇ ਪ੍ਰਚਲਤ ਕਨੂੰਨ ਪੁਰਾਣੇ ਹੋ ਚੁਕੇ ਸਨ।

ਮਿਸਾਲ ਵਜੋਂ ਜੰਗ ਤੇ ਜੰਗ-ਉਪ੍ਰੋਕਤ ਸਾਲਾਂ ਵਿਚ ਤਨਖਾਹਾਂ ਤੇ ਪਿਨਸ਼ਨਾਂ ਵਿਚਕਾਰ ਬੜਾ ਅੰਤਰ ਪੈਦਾ ਹੋ ਗਿਆ ਸੀ। ਇਸ ਦਾ ਕਾਰਨ ਇਹ ਸੀ ਕਿ ਪਿਨਸ਼ਨਾਂ ਦੀ ਰਕਮ 1930 ਵਿਚ ਮੁਕੱਰਰ ਕੀਤੀ ਗਈ ਸੀ ਅਤੇ ਕਾਮਿਆਂ ਤੇ ਦਫ਼ਤਰੀ-ਮੁਲਾਜ਼ਮਾਂ ਦੀਆਂ ਤਨਖਾਹਾਂ ਉਦੋਂ ਤੋਂ ਲੈ ਕੇ ਹੁਣ ਤਕ ਕਾਫੀ ਵਧ ਚੁਕੀਆਂ ਸਨ।

ਪਿਨਸ਼ਨ-ਨੇਮ ਵਿਚ ਇਕ ਨੁਕਸ ਇਹ ਵੀ ਸੀ ਕਿ ਕੁਝ ਇਕ ਪਿਨਸ਼ਨੀਆਂ ਨੂੰ ਬੜੀ ਘਟ ਪਿਨਸ਼ਨ ਮਿਲਦੀ ਸੀ, ਅਤੇ ਦੂਜੇ ਪਾਸੇ ਕਾਮਿਆਂ ਦੀਆਂ ਕੁਝ ਇਕ ਸ਼੍ਰੇਣੀਆਂ ਨੂੰ ਬਹੁਤ ਹੀ ਵਧ। ਨਵੇਂ ਪਿਨਸ਼ਨ ਕਨੂੰਨ ਨੇ ਪਿਨਸ਼ਨ-ਨੇਮ ਦੇ ਇਹਨਾਂ ਨੁਕਸਾਂ ਨੂੰ ਦੂਰ ਕਰਕੇ ਇਸ ਨੂੰ ਚੰਗੇਰਾ ਬਣਾ-ਇਆ ਹੈ।

ਸੋਵੀਅਤ ਸਰਕਾਰ ਜਨਤਾ ਦੀ ਖੁਸ਼ਹਾਲੀ, ਸਭਿਆਚਾਰ ਤੇ ਰਹਿਣੀਬਹਿਣੀ ਦੇ ਪਧਰ ਨੂੰ ਬਿਹਤਰ ਬਣਾਨ ਲਈ ਸਦਾ ਕੋਸ਼ਸ਼ ਕਰਦੀ ਰਹਿੰਦੀ ਹੈ। ਸੋਵੀਅਤ ਯੂਨੀਅਨ ਵਿਚ ਕੌਮੀ ਆਮਦਨ ਦਾ 75 ਫੀ ਸਦੀ ਹਿੱਸਾ ਕਾਮਿਆਂ, ਕਿਸਾਨਾਂ ਅਤੇ ਬੁਧੀਮਾਨ ਤਬਕੇ ਦੀਆਂ ਸਭਿਆਚਾਰਕ ਤੇ ਪਦਾਰਥਕ ਲੋੜਾਂ ਨੂੰ ਪੂਰਿਆਂ ਕਰਨ ਅਤੇ ਵਿਦਿਆ, ਲੋਕ-ਸਿਹਤ ਸੇਵਾ, ਸਮਾਜਕ ਬੀਮੇ, ਸਣੇ ਤਨਖਾਹ ਵਾਰਸਿਕ ਛੁਟੀਆਂ ਤੇ ਹੋਰ ਸਮਾਜਿਕ ਅਤੇ ਸਭਿਆਚਾਰਕ ਜ਼ਰੂਰਤਾਂ ਨੂੰ ਪੂਰਿਆਂ ਕਰਨ ਲਈ ਖਰਚ ਕੀਤਾ ਜਾਂਦਾ ਹੈ।

ਪਿਛੇ ਜਹੇ ਹੀ ਕਮਿਊਨਿਸਟ ਪਾਰਟੀ ਅਤੇ ਸੋਵੀਅਤ ਸਰਕਾਰ ਨੇ ਲੋਕਾਂ ਦੇ ਕੰਮ ਕਰਨ ਤੇ ਰਹਿਣੀ ਬਹਿਣੀ ਦੀ ਹਾਲਤ ਨੂੰ ਚੰਗੇਰਾ ਬਣਾਨ ਲਈ ਕੁਝ ਇਕ ਜ਼ਰੂਰੀ ਕਦਮ ਚੁਕੇ ਹਨ। ਅਦਾਰਿਆਂ ਤੇ ਸੰਸਥਾਵਾਂ ਵਿਚ ਸ਼ਨੀਚਰ ਲਈ ਅਤੇ ਛੁਟੀ ਵਾਲੇ ਦਿਨ ਤੋਂ ਪਹਿਲੇ ਦਿਨ ਲਈ ਕੰਮ-ਘੰਟੇ ਘਟਾ ਕੇ 6 ਕਰ ਦਿਤੇ ਗਏ ਹਨ। 16—18 ਸਾਲਾਂ ਦੀ ਉਮਰ ਦੇ ਯੁਵਕਾਂ ਨੂੰ ਹਫ਼ਤੇ ਦੇ ਛੇ ਦੇ ਛੇ ਦਿਨ ਹੀ ਸਿਰਫ ਛੇ ਘੰਟੇ ਰੋਜ਼ ਕੰਮ ਕਰਨਾ ਪੈਂਦਾ ਹੈ। ਸਾਰੇ ਕਾਮਿਆਂ ਅਤੇ ਦਫਤਰੀ-ਮੁਲਾਜ਼ਮਾਂ ਲਈ ਕੰਮ-ਘੰਟੇ ਘਟਾ ਕੇ 7 ਕਰ ਦੇਣ ਦੀਆਂ ਤਿਆ-ਰੀਆਂ ਕੀਤੀਆਂ ਜਾ ਰਹੀਆਂ ਹਨ। ਇਸਤਰੀਆਂ ਲਈ ਪਰਸੂਤ-ਛੁਟੀ ਦੇ ਦਿਨ 77 ਤੋਂ 112 ਕਰ ਦਿਤੇ ਗਏ ਹਨ। ਘਟ ਤਨਖਾਹ ਵਾਲੇ ਕਾਮਿਆਂ ਅਤੇ ਦਫ਼ਤਰੀ-ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾ ਦਿਤੀਆਂ ਗਈਆਂ ਹਨ। ਹਾਈ ਸਕੂਲਾਂ ਅਤੇ ਉਚ-ਵਿਦਿਅਕ ਸੰਸਥਾਵਾਂ ਵਿਚੋਂ ਫੀਸ ਉਕੀ ਹਟਾ ਦਿਤੀ ਗਈ ਹੈ।

ਸੋਵੀਅਤ ਆਰਥਕਤਾ ਵਿਚ ਹੋ ਰਹੀ ਉੱਨਤੀ ਨੇ ਇਹ ਸੰਭਵ ਕਰ ਦਿਤਾ ਹੈ ਕਿ ਲੋਕਾਂ ਦੀ ਰਹਿਣੀ-ਬਹਿਣੀ ਨੂੰ ਚੰਗੇਰਾ ਬਣਾਨ ਲਈ ਇਕ ਨਵਾਂ ਤੇ ਜ਼ਰੂਰੀ ਕਦਮ ਚੁਕਿਆ ਜਾਵੇ; ਇਕ ਅਜਿਹਾ ਨਵਾਂ ਪਿਨਸ਼ਨ ਕਨੂੰਨ ਬਣਾਇਆ ਜਾਵੇ, ਜਿਹੜਾ ਨਿਰਯੋਗ ਸ਼ਹਿਰੀਆਂ ਦੀ ਪਦਾਰਥਕ ਰਖਿਆ ਨੂੰ ਇਕ ਉਚੇਰੇ ਪਧਰ ਤੇ ਲੈ ਜਾਵੇ।

5. ਨਵਾਂ ਕਨੂੰਨ—ਸਮੁਚੀ ਜਨਤਾ ਲਈ

ਸੋਵੀਅਤ ਯੂਨੀਅਨ ਦੀ ਵਿਗਿਆਨ-ਅਕਾਡਮੀ ਦੀ ਅਣੂ-ਜੀਵ-ਵਿਗਿਆਨ ਸੰਸਥਾ ਵਿਚ ਪੜ੍ਹ ਰਹੀ, ਬੀ. ਏ. ਉਪਰੰਤ ਸ਼੍ਰੇਣੀ ਦੀ ਯੁਵਕ ਵਿਦਿਆਰਥਣ, ਮੇਰੀਆ ਸ਼ਲਨੋਫਾ ਦਾ ਕਹਿਣਾ ਹੈ—"ਮੇਰੀ ਪਿਨਸ਼ਨ ਲਗਣ 'ਚ ਹਾਲੀ ਢੇਰ ਸਮਾ ਹੈ; ਪਰ ਪਿਨਸ਼ਨ ਦਾ ਇਹ ਨਵਾਂ ਕਨੂੰਨ ਸਾਡੇ ਸਭਨਾਂ ਲਈ ਹੈ। ਇਹ ਇਹੋ ਜਿਹਾ ਕਨੂੰਨ ਹੈ ਜਿਸ ਦਾ ਸਬੰਧ ਸਮੁਚੀ ਜਨਤਾ ਨਾਲ ਹੈ। ਮੰਨਦੀ ਹਾਂ, ਮੈਂ ਅਜ ਕੰਮ ਕਰਨ ਦੇ ਯੋਗ ਹਾਂ, ਪਰ ਹੋ ਸਕਦਾ ਹੈ, ਕਲ ਨੂੰ ਮੈਨੂੰ ਕੁਝ ਹੋ ਜਾਏ। ਫਿਰ ਮੈਂ ਇਸ ਨਵੇਂ ਕਨੂੰਨ ਦੀ ਸਹਾਇਤਾ ਲੈ ਸਕਦੀ ਹਾਂ। ਫਿਰ ਤਾਂ ਮੈਨੂੰ ਇਸ ਕਨੂੰਨ ਦੀ ਬੇ-ਓੜਕ ਮਹੱਤਤਾ ਦਾ ਜ਼ਾਤੀ ਸਬੂਤ ਮਿਲ ਜਾਵੇਗਾ।"

ਸਭ ਕਾਮੇ, ਦਫ਼ਤਰਾਂ ਦੇ ਮੁਲਾਜ਼ਮ, ਫੌਜੀ ਹਾਈ ਸਕੂਲਾਂ ਅਤੇ ਖਾਸ ਵਿਦਿਅਕ-ਸੰਸਥਾਵਾਂ ਦੇ ਵਿਦਿਆਰਥੀ, ਖਾਸ ਕੋਰਸਾਂ ਦੀ ਪੜ੍ਹਾਈ ਕਰਨ ਵਾਲੇ ਬੀ: ਏ: ਉਪਰੰਤ ਜਮਾਤਾਂ ਦੇ ਵਿਦਿਆਰਥੀ, ਡਾਕਟਰੀ ਦੀ ਡਿਗਰੀ ਲਈ ਪੜ੍ਹ ਰਹੇ ਲੋਕ ਅਤੇ ਉਹ ਸਾਰੇ ਨਾਗਰਿਕ ਜੋ ਸਰਕਾਰੀ ਜਾਂ ਸਮਾਜਕ ਫਰਜ਼ਾਂ ਨੂੰ ਨਿਭਾਂਦਿਆਂ ਨਿਰਯੋਗ ਹੋ ਗਏ ਹੋਣ—ਰਿਆਸਤੀ ਪਿਨਸ਼ਨ ਲੈਣ ਦੇ ਹੱਕਦਾਰ ਹਨ।

ਉਹਨਾਂ ਟਬਰਾਂ ਦੇ ਸਾਰੇ ਜੀਅ ਜਿਨ੍ਹਾਂ ਦਾ ਕਮਾਊ-ਮੈਂਬਰ ਸੁਰਗ-ਵਾਸ ਹੋ ਗਿਆ ਹੋਵੇ—ਭਾਵੇਂ ਉਹ ਕਾਮਾ ਹੋਵੇ, ਭਾਵੇਂ ਦਫ਼ਤਰੀ-ਮੁਲਾਜ਼ਮ, ਭਾਵੇਂ ਫੌਜੀ ਤੇ ਭਾਵੇਂ ਪਿਨਸ਼ਨੀਆ—ਅਤੇ ਉਹ ਸਾਰੇ ਮੈਂਬਰ ਜਿਹੜੇ ਸੁਰਗਵਾਸੀ ਉਤੇ ਨਿਰਭਰ ਕਰਦੇ ਹੋਣ ਅਤੇ ਜਿਹੜੇ ਆਪ ਕੰਮ ਕਰਨ ਦੇ ਨਿਰਯੋਗ ਹੋਣ, ਪਿਨਸ਼ਨ ਪਾਣ ਦੇ ਹੱਕਦਾਰ ਹਨ। ਪਿਨਸ਼ਨਾਂ ਦੀ ਇਸ ਸ਼੍ਰੇਣੀ ਵਿਚ ਬੱਚੇ, ਭਰਾ, ਭੈਣ, ਪੋਤੇ, ਪੋਤਰੀਆਂ, ਪਿਤਾ ਤੇ ਮਾਤਾ, ਪਤਨੀ,

ਪਤੀ, ਦਾਦਾ, ਦਾਦੀ, ਗੋਦੀ ਲਏ ਬੱਚੇ ਅਤੇ ਉਹ ਮਾਪੇ ਆਉਂਦੇ ਹਨ ਜਿਨ੍ਹਾਂ ਸੁਰਗਵਾਸੀ ਨੂੰ ਗੋਦੀ ਲਿਆ ਹੋਵੇ।

ਇਕੱਲੀ ਰੂਸੀ ਫੈਡਰੇਸ਼ਨ ਵਿਚ ਹੀ ਇਕ ਕ੍ਰੋੜ ਤੋਂ ਉਪਰ ਲੋਕ ਪਿਨਸ਼ਨ ਪਾ ਰਹੇ ਹਨ। ਇਹ ਗਿਣਤੀ ਅਰਾਕ, ਇਜ਼ਰਾਈਲ ਅਤੇ ਸੀਰੀਆ ਦੇਸ਼ਾਂ ਦੀ ਮਿਲਵੀਂ ਆਬਾਦੀ ਦੇ ਤੁਲ ਹੈ।

ਸੋਵੀਅਤ ਯੂਨੀਅਨ ਵਿਚ ਬਦੇਸੀ ਲੋਕਾਂ ਦੀ ਭਾਰੀ ਗਿਣਤੀ ਰਹਿੰਦੀ ਹੈ। ਇਹਨਾਂ 'ਚੋਂ ਕਈ ਬੜੇ ਸਾਲਾਂ ਤੋਂ ਇਥੇ ਰਹਿ ਰਹੇ ਹਨ। ਕਈਆਂ ਇਥੇ ਵਿਆਹ ਕਰਵਾ ਲਏ ਹਨ ਅਤੇ ਸਰਕਾਰੀ ਅਦਾਰਿਆ ਤੇ ਸੰਸਥਾਵਾਂ ਵਿਚ ਕੰਮੀ ਲਗੇ ਹੋਏ ਹਨ। ਸਭ ਬਦੇਸ਼ੀ ਨਾਗਰਿਕ ਅਤੇ ਉਹਨਾਂ ਦੇ ਟੱਬਰ, ਜੇਕਰ ਉਹਨਾਂ ਪਿਨਸ਼ਨ ਪਾਣ ਲਈ ਨੌਕਰੀ ਦੇ ਨੀਅਤ ਕੀਤੇ ਗਏ ਸਮੇਂ ਦਾ ਦੋ ਤਿਹਾਈ ਹਿੱਸਾ ਰੂਸ ਵਿਚ ਹੀ ਕੰਮ ਕਰਦਿਆਂ ਗੁਜ਼ਾਰਿਆ ਹੋਵੇ, ਬਿਨਾਂ ਸ਼ਹਿਰੀਅਤ, ਕੌਮ ਅਤੇ ਨਸਲ ਦੇ ਕਿਸੇ ਵਿਤਕਰੇ ਦੇ, ਦੂਸਰਿਆਂ ਵਾਂਗ ਹੀ, ਪਿਨਸ਼ਨ ਦੇ ਹੱਕਦਾਰ ਹਨ। ਕਈ ਵਾਰ ਇੰਜ ਹੁੰਦਾ ਹੈ ਕਿ ਕੋਈ ਬਦੇਸ਼ੀ, ਜਿਹੜਾ ਕਿ ਰੂਸ ਵਿਚ ਕਿਸੇ ਪ੍ਰਕਾਰ ਦੀ ਪਿਨਸ਼ਨ ਪਾ ਰਿਹਾ ਹੁੰਦਾ ਹੈ, ਆਪਣੀ ਮਾਤ ਭੂਮੀ ਨੂੰ ਪਰਤ ਜਾਂਦਾ ਹੈ ਅਤੇ ਉਥੇ ਪੱਕੀ ਰਿਹਾਇਸ਼ ਅਖਤਿਆਰ ਕਰ ਲੈਂਦਾ ਹੈ। ਇਸ ਹਾਲਤ ਵਿਚ ਵੀ ਉਹ ਬਦੇਸ਼ੀ ਪਿਨਸ਼ਨੀਆ ਪਿਨਸ਼ਨ ਦਾ ਹੱਕਦਾਰ ਰਹਿੰਦਾ ਹੈ ਅਤੇ ਆਪਣੇ ਦੇਸ਼ ਵਿਚ ਬੈਠੇ ਬਠਾਏ ਉਸ ਨੂੰ ਪਿਨਸ਼ਨ ਮਿਲਦੀ ਰਹਿੰਦੀ ਹੈ। ਬਦੇਸ਼ੀ ਨਾਗਰਿਕਾਂ ਦੇ ਟੱਬਰਾਂ ਨੂੰ ਵੀ ਉਹ ਪਿਨਸ਼ਨ ਮਿਲਦੀ ਰਹਿੰਦੀ ਹੈ ਜਿਸ ਦੇ ਹੱਕਦਾਰ ਉਹ ਕਮਾਊ-ਮੈਂਬਰ ਦੇ ਸੁਰਗਵਾਸ ਹੋਣ ਨਾਲ ਬਣ ਜਾਂਦੇ ਹਨ।

ਕਾਮਿਆਂ, ਦਫ਼ਤਰੀ-ਮੁਲਾਜ਼ਮਾਂ ਤੇ ਉਹਨਾਂ ਦੇ ਟਬਰਾਂ ਨੂੰ ਪਿਨਸ਼ਨ ਕਿਨ੍ਹਾਂ ਹਾਲਤਾਂ 'ਚ ਮਿਲਦੀ ਹੈ?

ਨਵਾਂ ਪਿਨਸ਼ਨ–ਕਨੂੰਨ ਲੋੜਵੰਦਾਂ ਦੀਆਂ ਸਭ ਸੰਭਵ ਹਾਲਤਾਂ ਨੂੰ ਕੱਜਦਾ ਹੈ: ਬੁਢੇਪਾ, ਨਿਰਯੋਗਤਾ (ਭਾਵੇਂ ਉਹ ਕੰਮ ਕਰਦਿਆਂ ਸਟ ਲਗ ਜਾਣ ਕਾਰਨ ਹੋਈ ਹੋਵੇ ਅਤੇ ਭਾਵੇਂ ਵਿਰਤਕ ਜਾਂ ਆਮ ਬੀਮਾਰੀ ਕਾਰਨ) ਤੇ ਕਮਾਊ-ਮਿੰਬਰ ਦੀ ਮੌਤ।

ਨਵੇਂ ਪਿਨਸ਼ਨ-ਨੇਮ ਦਾ ਵਿਸ਼ੇਸ਼ ਗੁਣ ਸਿਰਫ ਇਹੀ ਨਹੀਂ ਕਿ ਇਹ ਕਾਮਿਆਂ ਦੀ ਭਾਰੀ ਗਿਣਤੀ ਨੂੰ ਲਾਭ ਪਹੁੰਚਾਂਦਾ ਹੈ, ਸਗੋਂ ਇਹ ਵੀ ਹੈ

ਕਿ ਇਹ ਨਿਰਯੋਗਤਾ ਦੀਆਂ ਸਭ ਸੰਭਵ ਹਾਲਤਾਂ ਲਈ ਪਦਾਰਥਕ ਸਹਾਇਤਾ ਦੇਂਦਾ ਹੈ।

6. ਪਿਨਸ਼ਨ-ਨੇਮ—ਉਚੇਰੇ ਪਧਰ ਤੇ

ਨਵਾਂ ਕਾਨੂੰਨ ਪੁਰਾਣੇ ਪਿਨਸ਼ਨ-ਨੇਮ ਵਿਚ ਬੁਨਿਆਦੀ ਸੁਧਾਰ ਕਰਦਾ ਹੈ। ਸਾਰੀਆਂ ਦੀਆਂ ਸਾਰੀਆਂ ਪਿਨਸ਼ਨਾਂ, ਭਾਵੇਂ ਉਹ ਬੁਢੇਪੇ ਦੀਆਂ ਹੋਣ ਅਤੇ ਭਾਵੇਂ ਕਮਾਊ-ਜੀਅ ਦੇ ਸੁਰਗਵਾਸ ਹੋ ਜਾਣ ਦੀਆਂ, ਪਹਿਲਾਂ ਨਾਲੋਂ ਚੋਖੀਆਂ ਵਧਾ ਦਿਤੀਆਂ ਗਈਆਂ ਹਨ। ਛੋਟੀਆਂ ਪਿਨਸ਼ਨਾਂ ਨੂੰ ਖਾਸ ਤੌਰ ਤੇ ਵਧਾਇਆ ਗਿਆ ਹੈ।

ਪਿਨਸ਼ਨਾਂ ਦੀ ਰਕਮ ਮੁਕੱਰਰ ਕਰਨ ਲਗਿਆਂ ਕਾਮਿਆਂ ਦੀ ਆਮਦਨ ਨੂੰ ਬੁਨਿਆਦੀ ਮਿਥਿਆ ਗਿਆ ਹੈ: ਇਹ ਗਲ ਉਸ ਅਸੂਲ ਦੇ ਬਿਲਕੁਲ ਅਨੁਕੂਲ ਹੈ ਜਿਸ ਰਾਹੀਂ ਦੌਲਤ ਦੀ ਵੰਡ ਮਿਹਨਤ ਦੇ ਮੁਤਾਬਿਕ ਕੀਤੀ ਜਾਂਦੀ ਹੈ। ਸਚ ਤਾਂ ਇਹ ਹੈ ਕਿ ਜਿੰਨੀ ਲੰਮੀ ਕਿਸੇ ਦੀ ਨੌਕਰੀ ਤੇ ਜਿੰਨਾ ਸੁਚੱਜਾ ਉਸ ਦਾ ਕੰਮ, ਉਤਨੀ ਹੀ ਬਹੁਤੀ ਉਸ ਦੀ ਆਮਦਨ। ਹਰ ਕਾਮੇ ਦੀ ਆਮਦਨ, ਸਮਾਜ ਲਈ ਕੀਤੇ ਉਸ ਦੇ ਕੰਮ ਦੀ ਮਿਕਦਾਰ ਤੇ ਗੁਣ (quality) ਦਾ ਪ੍ਰਤੀਬਿੰਬ ਹੁੰਦੀ ਹੈ। ਜਦ ਕੋਈ ਕਾਮਾ ਕੰਮ ਕਰਨ ਦੇ ਨਿਰਯੋਗ ਹੋ ਜਾਂਦਾ ਹੈ, ਉਸ ਦੀ ਆਮਦਨ, ਉਸ ਦੀ ਪਿਨਸ਼ਨ ਮੁਕੱਰਰ ਕਰਨ ਲਈ ਬੁਨਿਆਦ ਮਿਥ ਲਈ ਜਾਂਦੀ ਹੈ।

ਕਾਮੇ ਤੇ ਦਫ਼ਤਰੀ-ਮੁਲਾਜ਼ਮ ਦੀ ਪਿਨਸ਼ਨ ਆਮ ਤੌਰ ਤੇ, ਉਸ ਦੀ ਤਨਖ਼ਾਹ ਦਾ 50 ਤੋਂ 100 ਫੀ ਸਦੀ ਹੁੰਦੀ ਹੈ।

ਜਿਨ੍ਹਾਂ ਕਾਮਿਆ ਦੀ ਤਨਖਾਹ ਥੋੜੀ ਹੁੰਦੀ ਹੈ, ਉਹਨਾਂ ਨੂੰ ਪਿਨਸ਼ਨ ਲਗਭਗ ਉਹਨਾਂ ਦੀ ਤਨਖਾਹ ਜਿੰਨੀ ਹੀ ਮਿਲ ਜਾਂਦੀ ਹੈ। ਜਿਉਂ ਜਿਉਂ ਤਨਖਾਹ ਵਧਦੀ ਹੈ, ਪਿਨਸ਼ਨ ਦੀ ਸ਼ਰ੍ਹਾ ਤਨਖਾਹ ਦੇ ਵਾਧੇ ਦੇ ਨਾਲ ਨਾਲ ਘਟਦੀ ਜਾਂਦੀ ਹੈ। ਪਿਨਸ਼ਨ ਦੀ ਇਸ ਤਰ੍ਹਾਂ ਦੀ ਹਿਸਾਬ-ਪ੍ਰਨਾਲੀ ਹਰ ਪਿਨਸ਼ਨੀਏ ਲਈ, ਘਟੋ ਘਟ, ਲੋੜੀਂਦੀ ਪਦਾਰਥਕ ਰਖਿਆ ਦੀ ਗਰੰਟੀ ਕਰ ਦੇਂਦੀ ਹੈ।

ਜੇਕਰ ਅਸੀਂ ਇਹ ਗਲ ਵੀ ਧਿਆਨ ਵਿਚ ਰਖੀਏ ਕਿ ਸੋਵੀਅਤ ਯੂਨੀਅਨ ਵਿਚ ਪਿਨਸ਼ਨਾਂ ਤੇ ਕੋਈ ਟੈਕਸ ਨਹੀਂ ਲਗਦਾ, ਪਿਨਸ਼ਨੀਏ ਨੂੰ

ਕੰਮ ਤੇ ਜਾਣ ਲਈ ਕਰਾਏ ਆਦਿ ਤੇ ਉਸ ਤਰ੍ਹਾਂ ਖਰਚ ਨਹੀਂ ਕਰਨਾ ਪੈਂਦਾ ਜਿਸ ਤਰ੍ਹਾਂ ਕਿ ਕਿਸੇ ਅਦਾਰੇ ਜਾਂ ਸੰਸਥਾ 'ਚ ਨੌਕਰੀ ਤੇ ਲਗੇ ਕਿਸੇ ਕਾਮੇ ਨੂੰ ਕਰਨਾ ਪੈਂਦਾ ਹੈ—ਤਾਂ ਪਤਾ ਲਗਦਾ ਹੈ ਕਿ ਪਿਨਸ਼ਨੀਆਂ ਦੀ ਬੇਓੜਕ ਗਿਣਤੀ ਨੂੰ ਕਾਮਿਆਂ ਤੇ ਦਫ਼ਤਰੀ-ਮੁਲਾਜ਼ਮਾਂ ਦੀ ਤਨਖਾਹ ਜਿੰਨੀ ਹੀ ਪਿਨ-ਸ਼ਨ ਮਿਲ ਜਾਂਦੀ ਹੈ। ਇਸ ਤਰ੍ਹਾਂ ਪਿਨਸ਼ਨਾਂ, ਸਮੁਚੇ ਤੌਰ ਤੇ ਪਿਨਸ਼ਨੀਆਂ ਲਈ ਪਦਾਰਥਕ-ਰਖਿਆ ਦਾ ਇਕ ਉੱਚਾ ਪੱਧਰ ਕਾਇਮ ਕਰਦੀਆਂ ਹਨ।

ਪਿਨਸ਼ਨਰ ਐਮ : ਆਈ : ਪੇਸ਼ਨਕੋਫ਼ਾ, ਜੋ ਪਿਨਸ਼ਨ ਪਾਣ ਤੋਂ ਪਹਿਲਾਂ ਬਾਲਾਸ਼ੇਫ਼ ਟੈਕਸਟਾਈਲ ਮਿਲਜ਼, ਈਵਾਨੋਫ਼ੋ ਵਿਚ ਕਪੜਾ ਬੁਣਨ ਦਾ ਕੰਮ ਕਰਦੀ ਸੀ, 772 ਰੂਬਲ ਮਾਹਵਾਰ ਕਮਾਂਦੀ ਸੀ। ਉਸ ਨੂੰ ਅਪਣੀ ਬੁਢੀ ਮਾਂ ਦਾ ਖਰਚਾ ਵੀ ਸਹਿਣਾਂ ਪੈਂਦਾ ਸੀ, ਕਿਉਂਕਿ ਉਹ ਕੰਮ ਨਹੀਂ ਸੀ ਕਰ ਸਕਦੀ। ਨਵੇਂ ਪਿਨਸ਼ਨ ਕਨੂੰਨ ਅਨੁਸਾਰ ਉਸ ਦੀ ਪਿਨਸ਼ਨ ਉਸ ਦੀ ਆਮਦਨ ਦਾ 65 ਫੀ ਸਦੀ (501 ਰੂਬਲ 80 ਕੋਪੈਕਸ) ਬਣਦੀ ਸੀ। ਪਰ ਪੇਸ਼ਨਕੋਫ਼ਾ ਨੇ ਤੀਹ ਸਾਲ ਕੰਮ ਕੀਤਾ ਸੀ; ਜਿਸ ਦਾ ਸਦਕਾ ਉਹ 10 ਫੀ ਸਦੀ ਹੋਰ ਦੀ ਵੀ ਹਕਦਾਰ ਸੀ। ਇਤਨੀ ਹੀ ਹੋਰ ਰਕਮ, ਉਸ ਦੀ ਬੁਢੀ ਮਾਂ ਕਾਰਨ, ਉਸ ਦੀ ਪਿਨਸ਼ਨ 'ਚ ਜਮ੍ਹਾਂ ਕਰ ਦਿਤੀ ਗਈ। ਇਸ ਤਰ੍ਹਾਂ ਉਸ ਦੀ ਕੁਲ ਪਿਨਸ਼ਨ 602 ਰੂਬਲ 16 ਕੋਪੈਕਸ ਬਣ ਗਈ।

ਪਿਨਸ਼ਨਰ ਐਮ : ਪੇਸ਼ਨਕੋਫ਼ਾ ਨੇ ਹਿਸਾਬ ਲਾਇਆ ਕਿ ਇਸ ਪਿਨਸ਼ਨ ਨਾਲ ਉਸ ਦੇ ਟਬਰ ਦੇ ਸਾਰੇ ਖਰਚ, ਘਰ ਦੀਆਂ ਸਭੇ ਲੋੜਾਂ ਨੂੰ ਮੁਖ ਰਖ ਕੇ, ਪੂਰੇ ਹੋ ਜਾਂਦੇ ਹਨ। ਉਸ ਦੇ ਘਰ ਦੇ ਮਾਹਵਾਰੀ ਖਰਚੇ ਇਸ ਪ੍ਰਕਾਰ ਹਨ—ਕਰਾਇਆ-23 ਰੂਬਲ, ਬਿਜਲੀ— 5-6 ਰੂਬਲ, ਰੇਡੀਓ— 5 ਰੂਬਲ; ਪਾਣੀ ਤੇ ਨਿਕਾਸ—3-4 ਰੂਬਲ। ਕੁਲ ਜੋੜ—37-38 ਰੂਬਲ, ਪਿਨਸ਼ਨ ਦਾ ਲਗ ਭਗ 6 ਫ਼ੀ ਸਦੀ।

ਖਾਣ ਪੀਣ ਦੀਆਂ ਚੀਜ਼ਾਂ—ਡਬਲ ਰੋਟੀ, ਗੋਸ਼ਤ, ਮਖਣ, ਸਬਜ਼ੀਆਂ ਖੰਡ, ਚਾਹ ਇਤਿਆਦਿ—ਦਾ ਮਾਹਵਾਰੀ ਹਿਸਾਬ 400 ਰੂਬਲ ਬਣਦਾ ਸੀ, ਜਦ ਪੇਸ਼ਨਕੋਫ਼ਾ ਦੀ ਤਨਖਾਹ 772 ਰੂਬਲ ਮਾਹਵਾਰ ਸੀ। ਹੁਣ ਉਸ ਦੀ ਪਿਨਸ਼ਨ 602 ਰੂਬਲ 16 ਕੋਪੈਕਸ ਸੀ, ਪਰ ਉਹ ਖੁਰਾਕ ਦੇ ਖਰਚੇ ਘਟਾਉਣਾ ਨਹੀਂ ਸੀ ਚਾਹੁੰਦੀ। ਇਹ ਖਰਚੇ ਉਸ ਦੀ ਪਿਨਸ਼ਨ ਦਾ 66·3 ਫੀ ਸਦੀ ਬਣ ਜਾਂਦੇ ਸਨ। ਪਰ ਇਹ ਸਾਰੇ ਖਰਚੇ ਪੂਰੇ ਕਰ ਕੇ ਵੀ ਉਸ ਪਾਸ 164 ਰੂਬਲ 16 ਕੋਪੈਕਸ ਬਾਕੀ ਦੀਆਂ ਲੋੜਾਂ ਵਾਸਤੇ ਬਚ ਰਹਿੰਦੇ ਸਨ।

ਉਹਨਾਂ ਕਾਮਿਆਂ ਤੇ ਦਫ਼ਤਰੀ-ਮੁਲਾਜ਼ਮਾਂ ਨੂੰ, ਜਿਹੜੇ ਭਾਰੀ ਤੇ ਕਰੜੀ ਮਿਹਨਤ ਵਾਲੇ ਕੰਮਾਂ ਤੇ ਲਗੇ ਹੋਏ ਹਨ, ਪਿਨਸ਼ਨ ਦੇਣ ਲਗਿਆਂ ਖਾਸ ਰਿਆਇਤਾਂ ਦਿਤੀਆਂ ਜਾਂਦੀਆਂ ਹਨ।

ਕੌਮੀ ਆਰਥਕਤਾ ਦੀਆਂ ਸਾਰੀਆਂ ਸ਼ਾਖ਼ਾਂ ਵਿਚ ਕੰਮ ਨੂੰ ਸੁਖਾਲਿਆਂ ਕਰਨ ਲਈ ਸੋਵੀਅਤ ਰਿਆਸਤ ਨੇ ਕਈ ਕਦਮ ਚੁਕੇ ਹਨ, ਜਿਵੇਂ ਕਿ ਭਾਰੇ ਤੇ ਕਰੜੇ ਕੰਮਾਂ ਨੂੰ ਮਸ਼ੀਨਾਂ ਨਾਲ ਕਰਨਾ, ਪੈਦਾਵਾਰੀ ਮਾਹਕਮਿਆਂ ਤੇ ਕਾਰ-ਕੇਂਦਰਾਂ ਨੂੰ ਖ਼ੁਦਕਾਰ ਬਣਾਨਾ, ਅਤੇ ਨਵੀਂ ਤਕਨੀਕ ਨੂੰ ਵਰਤੋਂ ਵਿਚ ਲਿਆਣਾ। ਫਿਰ ਵੀ, ਸਨਅਤ ਦੀਆਂ ਕਈ ਇਕ ਸ਼ਾਖ਼ਾਂ ਹੁੰਦੀਆਂ ਹਨ ਜਿੰਨਾਂ 'ਚ ਕੰਮ ਕਰੜੇਰੇ ਤੇ ਔਖੇਰੇ ਹਾਲਾਤ ਥਲੇ ਕਰਨਾ ਪੈਂਦਾ ਹੈ, ਜਿਵੇਂ ਕਿ ਕੋਲੇ ਦੀਆਂ ਖਾਣਾਂ, ਰਸਾਇਣਕ ਕਾਰਖਾਨਿਆਂ, ਲੋਹੇ ਤੇ ਫੌਲਾਦ ਦੀ ਸਨਅਤ ਅਤੇ ਕੁਝ ਇਕ ਹੋਰ ਸ਼ਾਖਾਂ ਵਿਚ। ਜਿਹੜੇ ਲੋਕ ਕਰੜੇ ਤੇ ਔਖੇਟੇ ਹਾਲਾਤ ਥਲੇ ਅਤੇ ਹਾਨੀਕਾਰਕ ਸਨਅਤਾਂ ਵਿਚ ਕੰਮ ਕਰਦੇ ਹਨ, ਉਹਨਾਂ ਨੂੰ ਪਿਨਸ਼ਨ ਦੇਣ ਲਗਿਆਂ ਉਚੇਚੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਸਾਧਾਰਨ ਕੰਮ-ਹਾਲਤਾਂ ਥਲੇ ਕੰਮ ਕਰ ਰਹੇ ਕਾਮਿਆਂ ਤੇ ਦਫ਼ਤਰੀ ਮੁਲਾਜ਼ਮਾਂ ਲਈ ਬੁਢੇਪੇ ਦੀ ਪਿਨਸ਼ਨ ਦਾ ਆਮ ਅਸੂਲ ਇਸ ਪ੍ਰਕਾਰ ਹੈ: 60 ਸਾਲ ਦਾ ਮਨੁਖ ਤੇ 55 ਸਾਲ ਦੀ ਇਸਤਰੀ ਪਿਨਸ਼ਨ ਦੀ ਹਕਦਾਰ ਹੈ। ਜ਼ਿਮੀਦੋਜ਼ ਕੰਮਾਂ ਤੇ ਲਗੇ ਕਾਮੇ, ਕਿਉਂਕਿ ਉਥੇ ਕੰਮ-ਹਾਲਤਾਂ ਸਿਹਤ ਲਈ ਹਾਨੀਕਾਰਕ ਹੁੰਦੀਆਂ ਹਨ, ਪਿਨਸ਼ਨ ਦੇ ਛੇਤੀ ਹਕਦਾਰ ਹੋ ਜਾਂਦੇ ਹਨ। ਆਦਮੀ 50 ਸਾਲ ਦੀ ਉਮਰ 'ਚ ਤੇ ਇਸਤਰੀਆਂ 45 ਸਾਲ ਦੀ ਉਮਰ 'ਚ। ਸਖ਼ਤ ਮਿਹਨਤ ਦੇ ਬਾਕੀ ਕੰਮਾਂ ਤੇ ਲਗੇ ਕਾਮਿਆਂ ਤੇ ਦਫ਼ਤਰੀ ਮੁਲਾਜ਼ਮਾਂ ਨੂੰ ਪਿਨਸ਼ਨ ਇਸ ਉਮਰ ਵਿਚ ਮਿਲਦੀ ਹੈ: ਆਦਮੀ, 55 ਸਾਲ ਤੇ ਇਸਤਰੀਆਂ, 50 ਸਾਲ।

ਪਿਨਸ਼ਨ ਦਾ ਹਿਸਾਬ ਲਾਣ ਲਗਿਆਂ, ਸਿਰਫ ਕੰਮ-ਹਾਲਤਾਂ ਦਾ ਹੀ ਨਹੀਂ, ਸਗੋਂ ਨੌਕਰੀ ਦੀ ਲੰਮਾਈ ਅਤੇ ਇਕ ਹੀ ਅਦਾਰੇ ਜਾਂ ਸੰਸਥਾ 'ਚ ਕੀਤੀ ਨਿਰਵਿਘਨ ਨੌਕਰੀ ਦਾ ਵੀ ਖਿਆਲ ਰਖਿਆ ਜਾਂਦਾ ਹੈ। ਲੰਮੀ ਤੇ ਨਿਰਵਿਘਨ ਨੌਕਰੀ ਲਈ, ਪਿਨਸ਼ਨ ਕਨੂੰਨ ਅਨੁਸਾਰ, 10 ਤੋਂ 15 ਫ਼ੀ ਸਦੀ ਜ਼ਿਆਦਾ ਰਕਮ ਪਿਨਸ਼ਨ ਵਿਚ ਜਮ੍ਹਾਂ ਕਰ ਦਿਤੀ ਜਾਂਦੀ ਹੈ।

ਨਵੇਂ ਪਿਨਸ਼ਨ ਕਨੂੰਨ ਅਨੁਸਾਰ ਇਸਤਰੀਆਂ ਨੂੰ ਕਾਫ਼ੀ ਰਿਆਇਤਾਂ ਦਿਤੀਆਂ ਗਈਆਂ ਹਨ, ਮਿਸਾਲ ਵਜੋਂ, ਉਹਨਾਂ ਨੂੰ ਆਦਮੀਆਂ ਨਾਲੋਂ

ਪੰਜ ਸਾਲ ਪਹਿਲਾਂ ਹੀ ਪਿਨਸ਼ਨ ਮਿਲ ਜਾਂਦੀ ਹੈ । ਇਸਤਰੀਆਂ ਨੂੰ ਪਿਨਸ਼ਨ ਪਾਣ ਲਈ ਅਤੇ ਆਪਣੀ ਪਿਨਸ਼ਨ ਵਿਚ ਵਾਧੇ ਕਰਵਾਣ ਲਈ ਆਦਮੀਆਂ ਜਿੰਨੀ ਲੰਮੀ ਨੌਕਰੀ ਵੀ ਨਹੀਂ ਕਰਨੀ ਪੈਂਦੀ । ਉਹਨਾਂ ਮਾਵਾਂ ਲਈ ਉਚੇਰੀਆਂ ਰਿਆਇਤਾਂ ਵੀ ਹਨ, ਜਿਨਾਂ ਪੰਜ ਜਾਂ ਪੰਜ ਤੋਂ ਵਧੀਕ ਬਚਿਆਂ ਨੂੰ ਜਨਮ ਦਿਤਾ ਹੈ ਅਤੇ ਉਹਨਾਂ ਨੂੰ 8 ਸਾਲ ਦੀ ਉਮਰ ਤਕ ਪਾਲਿਆ ਹੈ ।

ਨਵੇਂ ਪਿਨਸ਼ਨ-ਕਨੂੰਨ ਵਿਚ ਕਾਮਿਆਂ ਤੇ ਦਫ਼ਤਰੀ-ਮੁਲਾਜ਼ਮਾਂ ਦੇ ਉਹਨਾਂ ਟਬਰਾਂ ਦੀ ਪਾਲਨਾ ਤੇ ਸੰਭਾਲ ਵਲ ਉਚੇਚਾ ਧਿਆਨ ਦਿਤਾ ਗਿਆ ਹੈ ਜਿਨ੍ਹਾਂ ਦੇ ਕਮਾਊ-ਮਿੰਬਰ ਸੁਰਗਵਾਸ ਹੋ ਗਏ ਹੋਣ । ਸੁਰਗਵਾਸੀ ਦੇ ਨ ਸਿਰਫ ਉਹੀ ਬਚੇ, ਭਰਾ, ਭੈਣਾਂ ਅਤੇ ਮਾਪੇ ਪਿਨਸ਼ਨ ਦੇ ਹਕਦਾਰ ਹਨ, ਜੋ ਉਸ ਤੇ ਨਿਰਭਰ ਕਰਦੇ ਹੋਣ, ਸਗੋਂ ਉਸ ਦੇ ਪੋਤਰੇ ਤੇ ਦਾਦੇ ਵੀ ਪਿਨਸ਼ਨ ਦੇ ਹਕਦਾਰ ਸਮਝੇ ਜਾਂਦੇ ਹਨ, ਜੇ ਕਰ ਕਨੂੰਨੀ ਤੌਰ ਤੇ ਉਹਨਾਂ ਦੀ ਸੰਭਾਲ ਕਰਨ ਵਾਲਾ ਕੋਈ ਹੋਰ ਨ ਹੋਵੇ । ਇਹ ਗਲ ਇਸ ਸਚਾਈ ਦੀ ਗਵਾਹੀ ਹੈ ਕਿ ਸੋਵੀਅਤ ਰੂਸ ਵਿਚ ਨਿਰਯੋਗ ਸ਼ਹਿਰੀਆਂ ਦੀ ਇਕ ਵਡੀ ਗਿਣਤੀ ਦੀ ਪਿਨਸ਼ਨਾਂ ਰਾਹੀਂ ਪਾਲਨਾ ਕੀਤੀ ਜਾਂਦੀ ਹੈ ।

ਸੋਵੀਅਤ ਰੂਸ ਵਿਚ ਰਿਆਸਤੀ ਬੀਮੇ ਅਤੇ ਪਿਨਸ਼ਨ-ਨੇਮ ਤੋਂ ਬਿਨਾਂ ਆਰਟਿਲਾਂ (artels) ਦੇ ਉਹਨਾਂ ਮਿੰਬਰਾਂ ਲਈ ਸਹਿਕਾਰੀ ਬੀਮਾ ਵੀ ਹੈ, ਜਿਹੜੇ ਪੈਦਾਵਾਰੀ-ਕੁਆਪ੍ਰੇਟਿਵਾਂ ਵਿਚ ਕੰਮੀਂ ਲਗੇ ਹੋਏ ਹਨ । ਇਹ ਬੀਮਾ ਪੈਦਾਵਾਰੀ-ਆਰਟਿਲਾਂ ਵਲੋਂ ਦਿਤੇ ਗਏ ਫੰਡਾਂ 'ਚੋਂ ਕੀਤਾ ਜਾਂਦਾ ਹੈ ।

ਪੈਦਾਵਾਰੀ-ਕੁਆਪ੍ਰੇਟਿਵਾਂ ਵਿਚ ਕੰਮੀਂ ਲਗੇ ਬੁਢਿਆਂ ਅਤੇ ਰੋਗੀਆਂ ਲਈ ਪਦਾਰਥਕ-ਰਖਿਆ ਦੇ ਅਸੂਲ ਉਹੀ ਹਨ, ਜੋ ਰਿਆਸਤੀ ਬੀਮੇ ਅਤੇ ਪਿਨਸ਼ਨ-ਨੇਮ ਦੇ ਹਨ ।

ਸਾਂਝੇ-ਫਾਰਮਾਂ ਦੇ ਕਾਮਿਆਂ ਦੀ ਸਮਾਜਕ-ਰਖਿਆ ਸਾਂਝੇ-ਫਾਰਮਾਂ ਦੇ ਪ੍ਰਬੰਧਕ ਬੋਰਡਾਂ ਵਲੋਂ, ਅਤੇ ਜਾਂ ਸਾਂਝੇ-ਫਾਰਮਾਂ ਦੀਆਂ ਉਹਨਾਂ ਪਰਸਪਰ-ਸਹਾਇਤਾ-ਸੁਸਾਇਟੀਆਂ ਵਲੋਂ ਕੀਤੀ ਜਾਂਦੀ ਹੈ, ਜਿਸ ਦੇ ਉਹ ਮਿੰਬਰ ਹੁੰਦੇ ਹਨ । ਇਸ ਮਨੋਰਥ ਲਈ ਲੋੜੀਂਦੀ ਰਕਮ ਫਾਰਮਾਂ ਦੀ ਆਮਦਨ ਦੇ ਵੰਡਾਰੇ 'ਚੋਂ ਅਤੇ ਕਿਸਾਨਾਂ ਦੀਆਂ ਮਿੰਬਰੀ ਫੀਸਾਂ 'ਚੋਂ ਲਈ ਜਾਂਦੀ ਹੈ । ਮਿਸਾਲ ਵਜੋਂ, ਰੂਸੀ ਫੈਡਰੇਸ਼ਨ ਵਿਚ ਸਾਂਝੇ-ਫਾਰਮਾਂ ਨੇ 24,000 ਪਰਸਪਰ ਸਹਾਇਤਾ-ਸੁਸਾਇਟੀਆਂ ਜਥੇਬੰਦ ਕੀਤੀਆਂ ਹੋਈਆਂ ਹਨ ਅਤੇ ਉਹਨਾਂ ਦੀ

ਮਿੰਬਰੀ ਪੰਜਾਹ ਲੱਖ ਤੋਂ ਉਪਰ ਹੈ। ਇਹਨਾਂ ਸੁਸਾਇਟੀਆਂ ਦੇ ਮਾਇਕ-ਫੰਡ ਤੇ ਜਿਨਸ–ਭੰਡਾਰੇ ਮਿਲਾ ਕੇ, ਛੇ ਕ੍ਰੋੜ ਦੀ ਮਾਲੀਅਤ ਦੇ ਬਣਦੇ ਹਨ। ਸਾਂਝੇ-ਫਾਰਮਾਂ ਦੀਆਂ ਇਹ ਪਰਸਪਰ–ਸਹਾਇਤਾ–ਸੁਸਾਇਟੀਆਂ ਸਾਂਝੇ-ਫਾਰਮਾਂ ਦੇ ਬੁੱਢੇ ਕਿਸਾਨਾਂ, ਰੋਗੀਆਂ ਅਤੇ ਯਤੀਮ ਬਚਿਆਂ ਨੂੰ ਪਿਨਸ਼ਨ, ਇਸਤਰੀਆਂ ਨੂੰ ਪਰਸੂਤ–ਸਹਾਇਤਾ, ਅਤੇ ਹਾਦਸਾ ਹੋ ਜਾਣ ਦੀ ਹਾਲਤ ਵਿਚ ਇਕ-ਵਕਤੇ ਅਲਾਊਂਸ ਦੇਂਦੀਆਂ ਹਨ। ਇਹ ਸੁਸਾਇਟੀਆਂ ਘਰ ਬਨਾਣ ਲਈ ਅਤੇ ਮਾਲ-ਡੰਗਰ ਖ੍ਰੀਦਣ ਲਈ ਕਿਸਾਨਾਂ ਨੂੰ ਕਰਜੇ ਵੀ ਦੇਂਦੀਆਂ ਹਨ।

ਮਾਸਕੋ ਪ੍ਰਦੇਸ਼ ਦੇ ਲੈਨਿਨ ਜ਼ਿਲ੍ਹੇ ਦੇ 'ਹਥੌੜਾ ਤੇ ਦਾਤਰੀ' ਸਾਂਝੇ-ਫਾਰਮ ਨੇ, ਸਮੂਹਕ–ਫਾਰਮਾਂ ਦੇ ਕਿਸਾਨਾਂ ਦੀ ਆਮ ਮੀਟਿੰਗ ਦੇ ਫੈਸਲੇ ਤੇ ਅਮਲ ਕਰਦਿਆਂ, ਆਪਣੇ ਫਾਰਮ ਦੀ ਮਾਇਕ ਆਮਦਨੀ ਦਾ ਦੋ ਫੀ ਸਦੀ ਹਿੱਸਾ ਬੁਢਿਆਂ ਤੇ ਬੀਮਾਰਾਂ ਨੂੰ ਪਿਨਸ਼ਨ ਦੇਣ ਅਤੇ ਵਕਤੀ ਤੌਰ ਤੇ ਅਸੱਮਰਥ ਹੋ ਗਏ ਜੀਆਂ ਨੂੰ ਸਹਾਇਤਾ ਦੇਣ ਲਈ ਇਕ ਵਖਰੇ ਫੰਡ ਦੀ ਸ਼ਕਲ ਵਿਚ ਇਕ ਪਾਸੇ ਕਢ ਲਿਆ ਹੈ। 60 ਸਾਲ ਦੇ ਆਦਮੀ ਤੇ 55 ਸਾਲ ਦੀਆਂ ਇਸਤਰੀਆਂ ਬੁਢਾਪੇ ਦੀਆਂ ਇਹਨਾਂ ਪਿਨਸ਼ਨਾਂ ਦੇ ਹਕਦਾਰ ਹੁੰਦੇ ਹਨ। ਪਿਨਸ਼ਨ ਦੀ ਰਕਮ, ਫ਼ਾਰਮ ਦੀ ਮਿੰਬਰੀ ਦੇ ਦੌਰਾਨ 'ਚ ਕਿਸਾਨ ਵਲੋਂ ਕਮਾਈਆਂ ਗਈਆਂ ਕੰਮ ਦੀਆਂ ਇਕਾਈਆਂ ਦੀ ਗਿਣਤੀ ਦੇ ਅਧਾਰ ਤੇ ਮੁਕੱਰਰ ਕੀਤੀ ਜਾਂਦੀ ਹੈ। ਮੁਕੱਰਰ ਹੋਈ ਪਿਨਸ਼ਨ ਪਿਨਸ਼ਨੀਏ ਨੂੰ ਹਰ ਮਹੀਨੇ ਦੀ ਪੰਜ ਤੇ ਵੀਹ ਤਾਰੀਖ ਨੂੰ ਬਾਕਾਇਦਗੀ ਨਾਲ ਮਿਲਦੀ ਰਹਿੰਦੀ ਹੈ।

ਕਈ ਹੋਰਨਾਂ ਸਾਂਝੇ-ਫਾਰਮਾਂ ਨੇ ਵੀ ਇਹਨਾਂ ਲੀਹਾਂ ਤੇ ਹੀ ਪਿਨਸ਼ਨ ਨੇਮ ਬਣਾਏ ਹਨ।

7. ਪਿਨਸ਼ਨ ਕਿਸ ਤਰ੍ਹਾਂ ਲਗਦੀ ਹੈ ?

ਸੋਵੀਅਤ ਰੂਸ ਵਿਚ ਪਿਨਸ਼ਨ ਪ੍ਰਬੰਧ, ਯੂਨੀਅਨ-ਰੀਪਬਲਿਕਾਂ ਦੀਆਂ ਸਮਾਜਿਕ ਰਖਿਆ ਦੀਆਂ ਵਜ਼ਾਰਤਾਂ ਦੇ ਅਖ਼ਤਿਆਰ ਹੇਠ ਹੈ। ਸਥਾਨਕ ਤੌਰ ਤੇ ਇਹ ਪ੍ਰਬੰਧ ਮਿਹਨਤਕਸ਼ ਲੋਕਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀਆਂ ਕਾਰਜ-ਸਾਧਕ-ਕਮੇਟੀਆਂ ਦੇ ਅਧੀਨ ਹੈ, ਇਹਨਾਂ ਕਮੇਟੀਆਂ ਦੇ ਖਾਸ ਮਹਿਕਮੇ ਹਨ, ਜਿਹੜੇ ਸਮਾਜਕ-ਰ੍ਹਖਿਆ ਦੇ ਅਸੂਲਾਂ ਨੂੰ ਨਜਿੱਠਦੇ ਹਨ। ਇਹਨਾਂ

ਮਹਿਕਮਿਆਂ ਵਿਚ ਸ਼ਹਿਰੀਆਂ ਦੇ ਪਿਨਸ਼ਨ-ਮੁਆਮਲਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ; ਇਸ ਗਲ ਦੀ ਵਿਆਖਿਆ ਕੀਤੀ ਜਾਂਦੀ ਹੈ ਕਿ ਪਿਨਸ਼ਨ ਕਿਸ ਤਰ੍ਹਾਂ ਮੁਕੱਰਰ ਕੀਤੀ ਗਈ ਹੈ। ਪਿਨਸ਼ਨ ਦੀ ਅਰਜੀ ਦੇਣ ਵਾਲੇ ਦੀ ਜ਼ਰੂਰੀ ਸਹਾਇਤਾ ਵੀ ਕੀਤੀ ਜਾਂਦੀ ਹੈ। ਸਮਾਜਕ-ਰਖਿਆ ਦੇ ਇਹਨਾਂ ਮਹਿ-ਕਮਿਆਂ ਨੂੰ ਅਦਾਰਿਆਂ, ਸੰਸਥਾਵਾਂ, ਜਥੇਬੰਦੀਆਂ ਅਤੇ ਵਿਅੱਕਤੀਆਂ ਕੋਲੋਂ ਇਹੋ ਜਿਹੀਆਂ ਦਸਤਾਵੇਜ਼ਾਂ ਮੰਗਣ ਦਾ ਅਧਿਕਾਰ ਹੈ, ਜਿੰਨ੍ਹਾਂ ਦੀ ਲੋੜ ਪਿਨਸ਼ਨ ਦੀ ਦਰਖਾਸਤ ਦੇਣ ਵਾਲੇ ਵਿਅਕਤੀ ਨੂੰ ਪਵੇ।

ਪਿਨਸ਼ਨ ਦੀ ਅਰਜ਼ੀ ਮਿਹਨਤਕਸ਼ ਲੋਕਾਂ ਦੇ ਡਿਪਟੀਆਂ ਦੀ ਸਥਾਨਕ ਸੋਵੀਅਤ ਦੀ ਕਾਜਕਾਰੀ-ਕਮੇਟੀ ਦੇ ਸਮਾਜ-ਰਖਿਅਕ ਮਹਿਕਮੇ ਨੂੰ ਦਿਤੀ ਜਾਂਦੀ ਹੈ। ਜੇਕਰ ਅਰਜੀ ਬੁਢੇਪੇ ਦੀ ਪਿਨਸ਼ਨ ਦੀ ਹੋਵੇ, ਤਾਂ ਦਰਖ਼ਾਸਤੀਏ ਨੂੰ ਸਿਰਫ ਦੋ ਦਸਤਾਵੇਜ਼ ਪੇਸ਼ ਕਰਨੇ ਪੈਂਦੇ ਹਨ: ਇਕ, ਉਸ ਦੀ ਨੌਕਰੀ ਦਾ ਰੀਕਾਰਡ ਅਤੇ ਦੂਜਾ, ਪਿਛਲੇ ਬਾਰਾਂ ਮਹੀਨਿਆਂ, ਅਤੇ, ਜਾਂ ਪਿਛਲੇ ਦਸਾਂ ਸਾਲਾਂ ਦੇ ਕੰਮ 'ਚੋਂ ਕੋਈ ਇਕ ਪੰਜ-ਸਾਲਾਂ ਦੇ ਕੰਮ ਦੀ ਆਮਦਨ ਦਾ ਹਿਸਾਬ। ਕਈ ਵਾਰ ਇੰਜ ਹੁੰਦਾ ਹੈ ਕਿ ਪਿਨਸ਼ਨ ਪਾਣ ਦੇ ਸਮੇਂ ਕਿਸੇ ਕਾਮੇ ਜਾਂ ਦਫ਼ਤਰੀ-ਮੁਲਾਜ਼ਿਮ ਦੀ ਆਮਦਨ, ਬੀਤ ਚੁਕੇ ਸਾਲਾਂ ਦੀ ਆਮਦਨ ਨਾਲੋਂ ਘਟ ਹੁੰਦੀ ਹੈ। ਉਸ ਹਾਲਤ ਵਿਚ ਉਸ ਦੀ ਪਿਨਸ਼ਨ ਦਾ ਹਿਸਾਬ ਉਸ ਦੇ ਕੰਮ ਦੇ ਅਖੀਰਲੇ ਵਰ੍ਹੇ ਦੀ ਆਮਦਨ ਦੇ ਅਧਾਰ ਤੇ ਲਾ ਲੈਣਾ ਉਸ ਨਾਲ ਬੇਇਨਸਾਫੀ ਕਰਨਾ ਹੋਵੇਗਾ। ਇਸ ਲਈ ਕਨੂੰਨ ਇਸ ਗਲ ਦੀ ਖੁਲ੍ਹ ਦੇਂਦਾ ਹੈ ਕਿ ਦਰਖ਼ਾਸਤੀਏ ਦੀ ਖਾਹਸ਼ ਅਨੁਸਾਰ, ਉਸ ਦੀ ਪਿਨਸ਼ਨ ਦਾ ਹਿਸਾਬ, ਉਸ ਦੀ ਕੋਈ ਇਕ ਪੰਜ-ਸਾਲਾਂ ਦੀ ਨਿਰਵਿਘਨ ਨੌਕਰੀ ਦੀ ਆਮਦਨ ਦੇ ਅਧਾਰ ਤੇ ਕਰ ਲਿਆ ਜਾਏ, ਪਰ ਸ਼ਰਤ ਇਹ ਹੈ ਕਿ ਉਹ ਪੰਜ ਸਾਲ ਉਸ ਦੀ ਪਿਛਲੇ ਦਸਾਂ ਸਾਲਾਂ ਦੀ ਨੌਕਰੀ 'ਚੋਂ ਹੀ ਲਏ ਜਾਣ। ਇਸ ਤਰ੍ਹਾਂ ਕਾਮੇ ਦੀ ਪਿਨਸ਼ਨ ਦਾ ਹਿਸਾਬ ਉਸ ਦੀ ਉਚੇਰੀ ਆਮਦਨ ਦੇ ਅਧਾਰ ਤੇ ਕੀਤਾ ਜਾਂਦਾ ਹੈ।

ਨਿਰਯੋਗਤਾ ਦੀ ਪਿਨਸ਼ਨ ਲਈ ਅਰਜ਼ੀ ਦੇਣ ਵਾਲੇ ਦਰਖ਼ਾਸਤੀਏ ਨੂੰ, ਆਪਣੀ ਨੌਕਰੀ ਦੇ ਰੀਕਾਰਡ ਤੇ ਆਮਦਨੀ ਦੀਆਂ ਦਸਤਾਵੇਜ਼ਾਂ ਤੋਂ ਇਲਾਵਾ, ਡਾਕਟਰੀ-ਮਾਹਿਰ-ਕਮਿਸ਼ਨ ਦੀ ਉਸ ਰੀਪੋਰਟ ਦੀ ਕਾਪੀ, ਜਿਸ ਵਿਚ ਦਰਖ਼ਾਸਤੀਏ ਦੀ ਨਿਰਯੋਗਤਾ ਦਾ ਨਿਰਨਾ ਕੀਤਾ ਹੁੰਦਾ ਹੈ, ਵੀ ਪੇਸ਼

ਕਰਣੀ ਪੈਂਦੀ ਹੈ। ਪਿਨਸ਼ਨ ਪਾਣ ਦੇ ਹਕਦਾਰ ਹੋ ਜਾਣ ਤੋਂ ਪਿਛੋਂ, ਕਦੀ ਵੀ ਪਿਨਸ਼ਨ ਲਈ ਅਰਜ਼ੀ ਦਿਤੀ ਜਾ ਸਕਦੀ ਹੈ।

ਮਿਹਨਤਕਸ਼ ਲੋਕਾਂ ਦੇ ਡਿਪਟੀਆਂ ਦੀ ਸਥਾਨਕ ਸੋਵੀਅਤ ਦੀ ਕਾਜਕਾਰੀ-ਕਮੇਟੀ ਹੇਠਲਾ ਕਮਿਸ਼ਨ ਪਿਨਸ਼ਨ ਦੀ ਅਰਜ਼ੀ ਤੇ ਦਸਾਂ ਦਿਨਾਂ ਦੇ ਅੰਦਰ ਅੰਦਰ ਵਿਚਾਰ ਕਰਦਾ ਹੈ।

ਪਿਨਸ਼ਨਾਂ ਹਰ ਮਹੀਨੇ, ਨੀਅਤ ਦਿਨਾਂ ਤੇ ਤਾਰੀਆਂ ਜਾਂਦੀਆਂ ਹਨ। ਨੀਅਤ ਦਿਨ ਨੂੰ ਸਮਾਜਕ-ਰਖਿਆ ਦੇ ਮਹਿਕਮੇ ਅਤੇ ਜਾਂ ਡਾਕਖਾਨੇ ਦੇ ਮੁਲਾਜ਼ਮ, ਪਿਨਸ਼ਨ ਦੀ ਰਕਮ ਪਿਨਸ਼ਨੀਏ ਦੇ ਘਰ ਦੇ ਆਂਦੇ ਹਨ। ਕਈ ਸ਼ਹਿਰਾਂ ਵਿਚ ਪਿਨਸ਼ਨ ਦੀ ਰਕਮ ਪਿਨਸ਼ੀਏ ਦੇ ਚਾਲੂ-ਬੈਂਕ-ਖਾਤੇ ਵਿਚ ਜਮ੍ਹਾਂ ਕਰਾ ਦਿਤੀ ਜਾਂਦੀ ਹੈ। ਕਈ ਵਾਰ ਪਿਨਸ਼ਨੀਆਂ ਨੂੰ ਖਾਸ ਪਰਕਾਰ ਦੀਆਂ ਕਾਪੀਆਂ ਦੇ ਦਿਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਪਿਨਸ਼ਨ ਦੀ ਰਕਮ ਤੇ ਪਿਨਸ਼ਨ ਤਰਨ ਦੀ ਤਾਰੀਖ ਲਿਖੀ ਹੁੰਦੀ ਹੈ। ਇਹ ਕਾਪੀਆਂ ਨੀਅਤ ਤਾਰੀਖ ਨੂੰ ਕਿਸੇ ਵੀ ਬਚਤ-ਬੈਂਕ 'ਚ ਪੇਸ਼ ਕਰ ਕੇ ਰਕਮ ਵਸੂਲ ਕੀਤੀ ਜਾ ਸਕਦੀ ਹੈ।

8. ਰਿਆਸਤ ਵਲੋਂ ਪਿਨਸ਼ਨਾਂ ਦੀ ਗਰੰਟੀ

ਰਿਆਸਤੀ ਪਿਨਸ਼ਨ ਕਨੂੰਨ ਵਿਚ ਦਰਜ ਹੈ "ਪਿਨਸ਼ਨਾਂ ਦੀ ਅਦਾਇਗੀ ਰਾਹੀਂ, ਪਿਨਸ਼ਨੀਆਂ ਦੇ ਨਿਰਬਾਹ ਦੀ ਸੋਵੀਅਤ ਰੂਸ ਦੇ ਸੋਸ਼ਲਿਸਟ-ਸਿਸਟਮ ਵਲੋਂ ਗਰੰਟੀ ਦਿਤੀ ਜਾਂਦੀ ਹੈ।"

ਪਿਨਸ਼ਨਾਂ ਦੀ ਅਦਾਇਗੀ ਵਿਅੱਕਤੀਆਂ, ਸੰਸਥਾਵਾਂ ਅਤੇ ਜਥੇਬੰਦੀਆਂ ਦੇ ਇਤਫ਼ਾਕੀਆ ਪਰਉਪਕਾਰਾਂ ਦੇ ਆਸਰੇ ਨਹੀਂ ਹੈ, ਸਗੋਂ ਉਹ ਸੋਵੀਅਤ ਆਰਥਕਤਾ, ਰਿਆਸਤ ਤੇ ਜਨਤਕ-ਫੰਡਾਂ ਦੀਆਂ ਪਕੀਆਂ ਬੁਨਿਆਦਾਂ ਤੇ ਖੜੀ ਹੈ।

ਸੋਵੀਅਤ ਆਰਥਕਤਾ ਲਗਾਤਾਰ ਉਨਤੀ ਕਰ ਰਹੀ ਹੈ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਵੀਹਵੀਂ ਕਾਂਗਰਸ ਨੇ ਸੋਵੀਅਤ ਯੂਨੀਅਨ ਦੀ ਆਰਥਕ-ਸ਼ਕਤੀ ਨੂੰ ਪ੍ਰਫੁਲਤ ਕਰਨ ਲਈ ਇਕ ਮਹਾਨ ਪ੍ਰੋਗਰਾਮ ਦਾ ਖ਼ਾਕਾ ਤਿਆਰ ਕੀਤਾ ਹੈ। ਇਸ ਪ੍ਰੋਗਰਾਮ ਦਾ ਟੀਚਾ, ਥੋੜੇ ਤੋਂ

ਥੜੇ ਸਮੇਂ ਵਿਚ, ਉਨਤ ਸਰਮਾਏਦਾਰ ਦੇਸ਼ਾਂ ਦੀ ਜੀ-ਪਰਤੀ ਉਪਜ ਤਕ ਪਹੁੰਚਣਾ ਤੇ ਉਸ ਤੋਂ ਅਗੇਰੇ ਟਪ ਜਾਣਾ ਹੈ।

ਛੇਵੀਂ ਪੰਜ ਸਾਲਾ-ਪਲਾਨ ਦੇ ਮੁਕਣ ਤਕ, 1960 ਵਿਚ, ਰੂਸ ਦੀ ਸਨਅਤੀ–ਉਪਜ ਦਾ ਆਕਾਰ ਤਕਰੀਬਨ-ਤਕਰੀਬਨ ਅਮ੍ਰੀਕਾ ਦੀ ਉਪਜ ਜਿਤਨਾ ਹੋ ਜਾਵੇਗਾ। 1960 ਵਿਚ, ਨਿਤ-ਵਰਤੋਂ ਦੀਆਂ ਚੀਜ਼ਾਂ ਦੀ ਉਪਜ 1950 ਦੀ ਉਪਜ ਨਾਲੋਂ ਤਿੰਨ ਗੁਣਾਂ ਵਧ ਜਾਵੇਗੀ ; 1,100 ਕ੍ਰੋੜ ਪੂਡ ਅਨਾਜ, ਅਤੇ ਇਸ ਤੋਂ ਦੂਣਾ ਦੁੱਧ, ਗੋਸ਼ਤ, ਆਂਡੇ, ਸਬਜ਼ੀਆਂ ਅਤੇ ਖੇਤੀ-ਬਾੜੀ ਤੋਂ ਪੈਦਾ ਹੋਈਆਂ ਵਸਤਾਂ ਉਪਜਾਈਆਂ ਜਾਣਗੀਆਂ। ਸੋਵੀਅਤ ਰੂਸ ਦੀ ਆਰਥਕ ਉਨਤੀ ਅਤੇ ਸਮਾਜਕ-ਕਿਰਤ ਦੀ ਉਪਜ ਦੇ ਵਾਧੇ ਸਦਕਾ, ਚਾਲੂ ਪੰਜ-ਸਾਲਾ-ਪਲਾਨ ਦੇ ਸਮੇਂ ਦੇ ਵਿਚ ਵਿਚ, ਕਾਮਿਆਂ ਤੇ ਦਫ਼ਤ੍ਰੀ-ਮੁਲਾਜ਼ਮਾਂ ਦੀਆਂ ਅਸਲ ਤਨਖਾਹਾਂ ਵਿਚ 30 ਫ਼ੀ ਸਦੀ ਦਾ ਵਾਧਾ ਹੋ ਜਾਵੇਗਾ ਅਤੇ ਸਾਂਝੇ ਫਾਰਮਾਂ ਦੇ ਕਿਸਾਨਾਂ ਦੀ ਮਾਇਕ-ਆਮਦਨ ਤੇ ਜਿਨਸ ਆਮਦਨ ਵਿਚ ਘਟੋ ਘਟ 40 ਫ਼ੀ ਸਦੀ ਦਾ ਵਾਧਾ ਹੋ ਜਾਵੇਗਾ।

ਇਸ ਪਰੋਗਰਾਮ ਨੂੰ ਅਗੇ ਹੀ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਦੇਸ਼ ਦੇ ਕੋਨੇ ਕੋਨੇ ਵਿਚ ਵਡੇ ਪੈਮਾਨੇ ਦੀ ਸਨਅਤੀ ਉਸਾਰੀ ਦਾ ਕੰਮ ਸ਼ੁਰੂ ਹੋ ਚੁਕਾ ਹੈ। ਨਵੀਂਆਂ ਮਸ਼ੀਨਾਂ, ਕਾਰਖ਼ਾਨੇ, ਬਿਜਲੀ-ਘਰ, ਖਾਣਾਂ ਪਟੀਆਂ ਅਤੇ ਰੇਲਾਂ ਬਣਾਈਆਂ ਜਾ ਰਹੀਆਂ ਹਨ। ਸਾਏਬੇਰੀਆ ਵਿਚ ਅਤੇ ਦੇਸ਼ ਦੇ ਦੂਰ ਦੁਰੇਡੇ ਪੂਰਬ ਅਤੇ ਉਤਰੀ ਹਿਸਿਆਂ ਵਿਚ ਨਵੇਂ ਸਨਅਤੀ ਕੇਂਦਰ ਹੋਂਦ ਵਿਚ ਆ ਰਹੇ ਹਨ।

ਇਸ ਗੱਲ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸੋਵੀਅਤ ਸੋਸ਼ਲਿਸਟ ਭਾਈਚਾਰਾ ਉਪਜ-ਸ਼ਕਤੀਆਂ ਦੀ ਉਨਤੀ ਲਈ ਇਹੋ ਜਹੇ ਮੌਕੇ ਪੈਦਾ ਕਰ ਦੇਂਦਾ ਹੈ ਕਿ ਸ਼ਹਿਰੀਆਂ ਦੀਆਂ ਸਮਾਜਕ ਤੇ ਸਭਿਆਚਾਰਕ ਲੋੜਾਂ ਲਈ ਅਤੇ ਨਿਰਯੋਗ ਸ਼ਹਿਰੀਆਂ ਦੀ ਪਾਲਣਾ ਲਈ, ਸਾਲ ਦੇ ਸਾਲ, ਵਧ ਰਕਮ ਕਢੀ ਜਾ ਸਕੇ।

1940 ਵਿਚ ਜਿਥੇ ਭਾਂਤ ਭਾਂਤ ਦੀ ਸਹਾਇਤਾ, ਕਾਮਿਆਂ ਤੇ ਦਫ਼ਤਰੀ-ਮੁਲਾਜ਼ਮਾਂ ਦੇ ਸਮਾਜਕ-ਬੀਮੇ, ਵਿਦਿਆਰਥੀਆਂ ਦੇ ਵਜ਼ੀਫੇ, ਮੁਫਤ ਵਿਦਿਆ, ਮੁਫਤ ਡਾਕਟਰੀ ਸਹਾਇਤਾ ਅਤੇ ਦੇਸ਼ ਵਾਸੀਆਂ ਨੂੰ ਦਿਤੀਆ ਗਈਆਂ ਸਹੂਲਤਾਂ ਤੇ ਲਾਭਾਂ ਦੀ ਕੁਲ ਰਕਮ 4,200 ਕਰੋੜ ਰੂਬਲ ਬਣਦੀ ਸੀ, ਉਥੇ 1955 ਵਿਚ ਸਹਾਇਤਾ ਦੀ ਇਹ ਰਕਮ 15,400 ਕਰੋੜ ਰੂਬਲ

ਤਕ ਪਹੁੰਚ ਗਈ ਹੈ । 1960 ਵਿਚ ਇਹ ਰਕਮ 21,000 ਕਰੋੜ ਰੂਬਲ ਤਕ ਪਹੁੰਚ ਚੁਕੀ ਹੋਵੇਗੀ ।

ਸੋਵੀਅਤ ਰੂਸ ਦੇ ਹਰ ਕਾਮੇ ਤੇ ਹਰ ਦਫ਼ਤਰੀ-ਮੁਲਾਜ਼ਮ ਨੂੰ ਇਸ ਗਲ ਦਾ ਨਿਸਚਾ ਹੈ ਕਿ ਬੁਢਾਪਾ ਸ਼ੁਰੂ ਹੋਣ ਤੇ ਅਤੇ ਜਾਂ ਨਿਰਯੋਗਤਾ ਦੀ ਅਵਸਥਾ ਆਉਣ ਤੇ ਉਸ ਦੀ ਪਾਲਣਾ ਲਈ ਪਦਾਰਥਕ ਸਹਾਇਤਾ ਰਿਆ-ਸਤ ਵਲੋਂ ਉਸਨੂੰ ਦਿਤੀ ਜਾਵੇਗੀ ।

ਹਰ ਪਿਨਸ਼ਨੀਏ ਨੂੰ ਇਸ ਗਲ ਦਾ ਨਿਸ਼ਚਾ ਹੈ ਕਿ ਉਸਨੂੰ, ਕਨੂੰਨ ਵਲੋਂ ਨੀਅਤ ਕੀਤੇ ਗਏ ਦਿਨ ਤੇ ਬਾਕਾਇਦਗੀ ਨਾਲ ਪਿਨਸ਼ਨ ਮਿਲਦੀ ਰਵ੍ਹੇਗੀ । ਪਿਨਸ਼ਨਾਂ ਦੀ ਅਦਾਇਗੀ ਰਿਆਸਤ ਵਲੋਂ ਸੋਵੀਅਤ ਰੂਸ ਦੇ ਰਿਆਸਤੀ ਬਜਟ ਦੇ ਉਹਨਾਂ ਫੰਡਾਂ ਵਿਚੋਂ ਕੀਤੀ ਜਾਂਦੀ ਹੈ, ਜਿਨ੍ਹਾਂ ਵਿਚ ਰਿਆਸਤੀ ਸਮਾਜਕ-ਬੀਮਾ-ਬਜਟ ਵਿਚੋਂ ਲਏ ਗਏ ਫੰਡਾਂ ਦੀ ਰਕਮ ਵੀ ਸ਼ਾਮਿਲ ਹੁੰਦੀ ਹੈ ।

੭. ਰੋਗੀਆਂ ਲਈ ਕੰਮ ਦਾ ਪ੍ਰਬੰਧ

ਮਹਾਨ ਦੇਸ਼ ਭਗਤ ਜੰਗ ਵਿਚ ਸੋਵੀਅਤ ਲੋਕਾਂ ਦਾ ਭਾਰਾ ਨੁਕਸਾਨ ਹੋਇਆ । ਆਪਣੀ ਮਾਤ ਭੂਮੀ ਦੀ ਆਜ਼ਾਦੀ ਤੇ ਸੁਤੰਤਰਤਾ ਲਈ ਕਈਆਂ ਨੇ ਆਪਣੀਆਂ ਜਾਨਾਂ ਤਕ ਵਾਰ ਦਿਤੀਆਂ । ਜੰਗ ਪਿਛੋਂ ਦੇਸ਼ ਵਿਚ ਜ਼ਖ਼ਮੀ ਤੇ ਬੀਮਾਰ ਲੋਕਾਂ ਦੀ ਚੋਖੀ ਗਿਣਤੀ ਰਹਿ ਗਈ । ਜਨ-ਅਰੋਗਤਾ ਜਥੇ-ਬੰਦੀਆਂ ਵਲੋਂ ਰੋਗੀਆਂ ਨੂੰ ਰਾਜ਼ੀ ਕਰਨ ਅਤੇ ਉਹਨਾਂ ਨੂੰ ਮੁੜ ਕੰਮਾਂ ਤੇ ਲਾਣ ਲਈ ਬੜਾ ਕੁਝ ਕੀਤਾ ਗਿਆ ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਪਿਛਲੇ ਦਸਾਂ ਸਾਲਾਂ ਵਿਚ, ਰੋਗੀਆਂ ਦੀ ੮0 ਫ਼ੀ ਸਦੀ ਤੋਂ ਉਪਰ ਗਿਣਤੀ ਰਾਜ਼ੀ ਹੋ, ਮੁੜ ਕੰਮ ਕਰਨ ਦੇ ਯੋਗ ਹੋ ਗਈ ।

ਸੋਵੀਅਤ ਯੂਨੀਅਨ ਵਿਚ ਰੋਗੀਆਂ ਦਾ ਨ ਸਿਰਫ਼ ਇਲਾਜ ਕੀਤਾ ਜਾਂਦਾ ਹੈ, ਨ ਸਿਰਫ਼ ਉਹਨਾਂ ਨੂੰ ਪਿਨਸ਼ਨ ਦਿਤੀ ਜਾਂਦੀ ਹੈ, ਸਗੋਂ ਢੁਕਵਾਂ ਕੰਮ ਲਭ ਕੇ ਦੇਣ ਵਿਚ ਵੀ ਰਿਆਸਤ ਉਹਨਾਂ ਦੀ ਮਦਦ ਕਰਦੀ ਹੈ, ਉਹਨਾਂ ਦੀ ਪੜ੍ਹਾਈ ਦਾ ਪ੍ਰਬੰਧ ਕਰਦੀ ਹੈ ਅਤੇ ਨਕਲੀ ਅੰਗ ਲਵਾਣ ਵਿਚ ਉਹਨਾਂ ਦੀ ਸਹਾਇਤਾ ਕਰਦੀ ਹੈ ।

ਕਨੂੰਨ ਅਨੁਸਾਰ, ਪਹਿਲੇ ਤੇ ਦੂਜੇ ਦਰਜੇ ਦੇ ਰੋਗੀਆਂ ਨੂੰ, ਬਿਨਾਂ ਇਸ ਵਿਚਾਰ ਦੇ ਕਿ ਉਹ ਕਿੰਨਾਂ ਕਮਾ ਲੈਂਦੇ ਹਨ, ਪੂਰੀ ਪਿਨਸ਼ਨ ਲੈਣ ਦਾ ਅਧਿਕਾਰ ਹੈ। ਪਿਨਸ਼ਨ ਦੇ ਨਾਲ ਨਾਲ ਜੇਕਰ ਰੋਗੀ ਕੋਈ ਹੋਰ ਕੰਮ ਵੀ ਕਰ ਲਵੇ, ਤਾਂ ਉਹ ਆਪਣੀ ਆਮਦਨ ਵਿਚ ਵਾਧਾ ਕਰ ਰਿਹਾ ਹੋਵੇਗਾ।

ਸੋਵੀਅਤ ਕਾਨੂੰਨ ਅਨੁਸਾਰ ਰੋਗੀ ਨੂੰ ਉਹੀ ਕੰਮ ਦਿਤਾ ਜਾਂਦਾ ਹੈ, ਜੋ ਉਸ ਦੀ ਸਰੀਰਕ ਅਵਸੱਥਾ ਦੇ ਅਨਕੂਲ ਹੋਵੇ। ਰੋਗੀ ਲਈ ਕੰਮ ਦੀਆਂ ਸੁਖਾਂਵੀਆਂ ਹਾਲਤਾਂ ਪੈਦਾ ਕਰ ਦਿਤੀਆਂ ਜਾਂਦੀਆਂ ਹਨ। ਜੇਕਰ ਕੋਈ ਰੋਗੀ ਆਪਣੀ ਸਿਹਤ ਕਾਰਣ, ਆਪਣਾ ਪਹਿਲਾ ਕੰਮ ਕਰਨ ਦੇ ਅਸਮੱਰਥ ਹੋਵੇ, ਤਾਂ ਰਿਆਸਤ ਵਲੋਂ ਨਵਾਂ ਕੰਮ—ਕੰਮ, ਜੋ ਉਹ ਕਰ ਸਕਣ ਦੇ ਯੋਗ ਹੋਵੇ—ਸਿਖਣ ਵਿਚ ਉਸ ਦੀ ਮਦਦ ਕੀਤੀ ਜਾਂਦੀ ਹੈ।

ਰੋਗੀਆਂ ਵਾਸਤੇ ਕੰਮ ਦੀ ਵਿਗਿਆਨਕ ਚੋਣ ਕਰਨ ਲਈ ਅਤੇ ਕੰਮ ਨੂੰ ਸੁਖਾਵਾਂ ਬਣਾਨ ਖਾਤਰ ਕਈ ਪਰਕਾਰ ਦੇ ਢੰਗ ਲਭਣ ਲਈ, ਦੇਸ਼ ਭਰ ਵਿਚ ਵਡੀਆਂ ਵਡੀਆਂ ਵਿਗਿਆਨਕ ਖੋਜ-ਸ਼ਾਲਾਂ, ਲਿਬਾਰਟਰੀਆਂ ਅਤੇ ਤਜਰਬਾ-ਗਾਹਾਂ ਕਾਇਮ ਕੀਤੀਆਂ ਗਈਆਂ ਹਨ। ਇਸਦੀ ਇਕ ਮਿਸਾਲ ਪੇਸ਼ ਕਰਦੇ ਹਾਂ ਕਿ ਕਿਸ ਤਰ੍ਹਾਂ ਰੋਗੀਆਂ ਦੀ, ਕੰਮ ਤੇ ਲਗਣ ਅਤੇ ਸਾਧਾਰਨ ਜੀਵਨ ਬਤੀਤ ਕਰਣ ਵਿਚ, ਸਹਾਇਤਾ ਕੀਤੀ ਜਾਂਦੀ ਹੈ।

ਵੈਲੀਕੀਆ ਲੂਕੀ ਸ਼ਹਿਰ ਦੀ ਵਸਨੀਕ, ਰੋਗਣ: ਐਨ ਕਰੈਪੀ-ਵੈਨਤਸੇਵਾ ਨੇ ਆਪਣੀ ਵਿਥਿਆ ਇਸ ਪਰਕਾਰ ਦਸੀ:

"ਦੁਰਘਟਨਾ ਵਾਪਰਨ ਦੇ ਬਾਵਜੂਦ ਵੀ, ਆਪਣੇ ਦੇਸ਼ ਦੀ ਮਹਾਨ ਤੇ ਖ਼ੁਸ਼ੀਆਂ ਭਰਪੂਰ ਜ਼ਿੰਦਗੀ ਵਿਚ ਮੈਂ ਆਪਣੀ ਥਾਂ ਬਣਾ ਲਈ ਹੈ। 1939 ਵਿਚ, ਸਕੂਲ ਤੋਂ ਘਰ ਜਾਂਦਿਆਂ, ਮੈਂ ਗੱਡੀ ਥਲੇ ਆ ਗਈ ਸਾਂ। ਮੇਰੀ ਸੱਜੀ ਬਾਂਹ ਅਤੇ ਦੋਵੇਂ ਲੱਤਾਂ ਕਟੀਆਂ ਗਈਆਂ। ਮੈਂ ਉਸ ਵਕਤ ਸਿਰਫ਼ ਪੰਦਰਾਂ ਸਾਲ ਦੀ ਸਾਂ। ਮੇਰੇ ਸਾਹਮਣੇ ਹਾਲੀ ਮੇਰੀ ਸਾਰੀ ਜ਼ਿੰਦਗੀ ਜੀਊਣ ਲਈ ਪਈ ਸੀ। ਮੈਂ ਕੀ ਕਰਨਾ ਸੀ? ਕਿੰਜ ਆਪਣਾ ਨਿਰਬਾਹ ਕਰਨਾ ਸੀ? ਬੜੀ ਦੁਖਦਾਈ ਸੀ ਇਹ ਸੋਚ! ਮੈਂ ਅਕਸਰ ਸੋਚਦੀ, ਚੰਗਾ ਹੁੰਦਾ ਜੇਕਰ ਉਦੋਂ ਹੀ, ਉਥੇ ਹੀ, ਗੱਡੀ ਦੇ ਥਲੇ ਮੇਰੀ ਜਾਨ ਨਿਕਲ ਜਾਂਦੀ।

"ਪਰ ਉਦੋਂ ਮੈਨੂੰ, ਨਕਲੀ ਅੰਗ ਲਗਵਾਣ ਲਈ ਲੈਨਿਨਗਰਾਡ ਦੀ ਵਿਗਿਆਨਕ-ਖੋਜ-ਸ਼ਾਲਾ ਵਿਚ ਭੇਜ ਦਿਤਾ ਗਿਆ। ਉਥੇ ਜੋ ਕੁਝ ਸੰਭਵ ਸੀ, ਮੇਰੇ ਲਈ ਕੀਤਾ ਗਿਆ, ਤਾਂ ਜੁ ਮੁੜ ਮੈਂ ਕਾਮਿਆਂ ਦੇ ਮਹਾਨ ਟਬਰ ਵਿਚ ਆਪਣੀ ਥਾਂ ਲੈ ਸਕਾਂ।

"ਇਲਾਜ ਤੋਂ ਪਿਛੋਂ ਜਦ ਮੈਂ ਆਪਣੇ ਆਪ ਪੈਦਲ ਚਲ ਕੇ ਖੋਜ-ਸ਼ਾਲਾ ਦੀ ਅਮਾਰਤ 'ਚੋਂ ਬਾਹਰ ਆਈ, ਤਾਂ ਮੇਰੀਆਂ ਅੱਖਾਂ ਖੁਸ਼ੀ ਦੇ ਅਥਰੂਆਂ ਨਾਲ ਭਰ ਆਈਆਂ। ਸਚ, ਮੈਂ ਆਪਣੇ ਆਪ ਪੈਦਲ ਚਲ ਕੇ ਬਾਹਰ ਆ ਗਈ ਸਾਂ। ਮੈਨੂੰ ਆਪਣੇ ਬਲੇ ਮਜ਼ਬੂਤ ਲੱਤਾਂ ਦਾ ਸਹਾਰਾ ਪ੍ਰਤੀਤ ਹੋ ਰਿਹਾ ਸੀ।

"ਇਸ ਤੋਂ ਪਿਛੋਂ ਹਾਲਾਤ ਚੰਗੇਰੇ ਹੁੰਦੇ ਗਏ। ਮੈਨੂੰ ਖ਼ਾਤਾ-ਨਵੀਸੀ ਦਾ ਕੰਮ ਦੇ ਦਿਤਾ ਗਿਆ। ਕੰਮ ਵਾਲੀ ਥਾਂ ਦੇ ਨੇੜੇ ਹੀ, ਰਹਿਣ ਲਈ ਮੈਨੂੰ ਕੁਆਰਟਰ ਮਿਲ ਗਿਆ। ਮੇਰਾ ਵਿਆਹ ਹੋ ਗਿਆ ਅਤੇ ਮੇਰੇ ਘਰ ਇਕ ਲੜਕੀ ਨੇ ਜਨਮ ਲਿਆ। ਹੁਣ ਨ ਮੈਨੂੰ ਇਕੱਲਤਾ ਮਹਿਸੂਸ ਹੁੰਦੀ ਅਤੇ ਨ ਹੀ ਮੈਂ ਆਪਣੇ ਆਪ ਨੂੰ ਅਣ-ਚਾਹਿਆ ਜੀਵ ਸਮਝਦੀ ਸਾਂ। ਮੇਰੀ ਜ਼ਿੰਦਗੀ ਬੜੀ ਸੁਹਣੀ ਬਣ ਗਈ ਸੀ।"

ਰੋਗੀਆਂ ਲਈ ਦੇਸ਼ ਵਿਚ ਉਚੇਚੇ ਪੇਸ਼ਾਵਰ ਤੇ ਟੈਕਨੀਕਲ ਸਕੂਲ, ਅਤੇ ਸਨਅਤੀ ਕਾਰ-ਕੇਂਦਰ ਹਨ, ਜਿਨ੍ਹਾਂ ਵਿਚ ਉਹ ਕਈ ਪਰਕਾਰ ਦੇ ਕੰਮ ਸਿਖ ਸਕਦੇ ਹਨ। ਇਹ ਸਿਖਿਆ ਉਹਨਾਂ ਨੂੰ ਮੁਫ਼ਤ ਦਿਤੀ ਜਾਂਦੀ ਹੈ।

ਵਿਸ਼ੇਸ਼, ਸੈਕੰਡਰੀ ਅਤੇ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਰੋਗੀਆਂ ਦੀ ਖ਼ਾਸ ਤੌਰ ਤੇ ਸਹਾਇਤਾ ਕੀਤੀ ਜਾਂਦੀ ਹੈ।

ਮੁੜ ਕੰਮਾਂ ਤੇ ਲਗ ਸਕਣ ਲਈ, ਰੋਗੀਆਂ ਨੂੰ ਰਿਆਸਤ ਵਲੋਂ ਦਿਤੀ ਜਾ ਰਹੀ ਮਦਦ ਸਦਕਾ, ਇਕੱਲੀ ਯੂਕ੍ਰੇਨੀ ਸੋਸ਼ਲਿਸਟ ਸੋਵੀਅਤ ਰੀਪਬਲਿਕ ਵਿਚ ਹੀ, 75 ਫ਼ੀ ਸਦੀ ਪਿਨਸ਼ਨੀਏ, ਜਿਹੜੇ ਕੰਮ ਦੇ ਦੌਰਾਨ ਵਿਚ ਅਤੇ ਜਾਂ ਜੰਗ ਦੇ ਦਿਨਾਂ ਵਿਚ ਰੋਗੀ ਹੋ ਗਏ ਸਨ, ਹੁਣ ਮੁੜ ਕੰਮਾਂ ਤੇ ਜਾ ਲਗੇ ਹਨ।

ਮਿਸਾਲ ਵਜੋਂ, ਉਡੀਸਾ ਮੋਟਰ-ਜੋੜ ਕਾਰਖ਼ਾਨੇ ਵਿਚ 74 ਰੋਗੀ ਪਿਨਸ਼ਨੀਏ ਕੰਮ ਕਰ ਰਹੇ ਹਨ। ਉਹਨਾਂ ਕੋਲੋਂ ਸਿਰਫ਼ ਉਹੀ ਕੰਮ ਲਿਆ ਜਾਂਦਾ ਹੈ, ਜਿਸਦੀ ਇਜਾਜ਼ਤ ਉਹਨਾਂ ਦੀ ਸਿਹਤ ਦੇਂਦੀ ਹੋਵੇ। ਇਹਨਾਂ 'ਚੋਂ ਬਹੁਤੇ ਚਿਠੀਆਂ ਭੇਜਨ ਵਾਲੇ, ਸਟੋਰ-ਕੀਪਰ, ਟੈਕਨੀਕਲ-ਇਨਸਪੈਕਟਰ. ਖਾਤਾ-ਨਵੀਸ ਅਤੇ ਲੇਖਾ-ਕਾਰ ਲਗੇ ਹੋਏ ਹਨ। ਪਿਛਲੇ ਪੰਜਾਂ ਸਾਲਾਂ ਵਿਚ 46,500 ਰੋਗੀਆਂ ਨੇ ਨਵੇਂ ਕਸਬ ਤੇ ਨਵੇਂ ਧੰਦੇ ਸਿਖੇ ਹਨ।

ਖੇਤੀ ਬਾੜੀ ਦੀ ਉਪਜ ਵਿਚ ਉਚੇ ਦਰਜੇ ਦੀਆਂ ਮਸ਼ੀਨਾਂ ਦੀ ਵਰਤੋਂ ਕਰਨ ਨਾਲ ਇਹ ਸੰਭਵ ਹੋ ਗਿਆ ਹੈ ਕਿ ਖੇਤੀ ਬਾੜੀ ਦੇ ਕੰਮ ਵਿਚ ਵੀ

ਰਗੀਆਂ ਲਈ ਕਈ ਪਰਕਾਰ ਦੇ ਆਹਰ ਕਢੇ ਜਾ ਸਕਣ। ਕਈ ਰੋਗੀਆਂ ਨੇ ਫ਼ਾਰਮ-ਮਸ਼ੀਨ-ਆਪਰੇਟਰ ਦਾ ਕੰਮ ਸਿਖਿਆ ਹੈ ਅਤੇ ਬੜੀ ਸਫ਼ਲਤਾ ਨਾਲ ਟਰੈਕਟਰ-ਡਰਾਈਵਰਾਂ, ਬਹੁ-ਕਾਰ-ਮਸ਼ੀਨਾਂ ਦੇ ਆਪ੍ਰੇਟਰਾਂ ਅਤੇ ਮਿਸਤਰੀਆਂ ਦਾ ਕੰਮ ਕਰ ਰਹੇ ਹਨ। ਕਈ ਇਹੋ ਜਹੀਆਂ ਮਿਸਾਲਾਂ ਹਨ ਜਦ ਕਿ ਰੋਗੀ ਦੀ ਕੁਲ ਆਮਦਨ, ਉਸ ਦੀ ਕਮਾਈ ਤੇ ਪਿਨਸ਼ਨ ਦੇ ਸਣੇ, ਉਸ ਦੀ ਉਸ ਤਨਖ਼ਾਹ ਨਾਲੋਂ ਵਧ ਜਾਂਦੀ ਹੈ, ਜੋ ਉਸਨੂੰ ਰੋਗੀ ਬਣਨ ਤੋਂ ਪਹਿਲਾਂ ਮਿਲਦੀ ਸੀ।

ਸੋਵੀਅਤ ਯੂਨੀਅਨ ਵਿਚ ਰੋਗੀਆਂ ਨੂੰ ਸਭ ਪਰਕਾਰ ਦੀ ਡਾਕਟਰੀ ਸਹਾਇਤਾ ਮੁਫ਼ਤ ਮਿਲਦੀ ਹੈ। ਇਸ ਸਹਾਇਤਾ ਵਿਚ ਨਕਲੀ-ਅੰਗ ਤੇ ਮੋਟਰ-ਗਡੀਆਂ ਵੀ ਸ਼ਾਮਿਲ ਹਨ। ਹਰ ਸਾਲ ਰੋਗੀਆਂ ਦੀ ਇਕ ਵਡੀ ਗਿਣਤੀ ਨੂੰ ਰਿਆਸਤੀ ਖਰਚ ਤੇ ਸਿਹਤਗਾਹਾਂ ਅਤੇ ਆਰਾਮ-ਘਰਾਂ ਵਿਚ ਇਲਾਜ ਲਈ ਅਤੇ ਆਰਾਮ ਕਰਨ ਲਈ ਭੇਜਿਆ ਜਾਂਦਾ ਹੈ। ਰੋਗੀਆਂ ਨੂੰ ਆਪਣੇ ਘਰ ਬਣਵਾਣ, ਘਰਾਂ ਦੀ ਮੁਰੰਮਤ ਕਰਵਾਣ ਅਤੇ ਮਾਲ ਡੰਗਰ ਖ੍ਰੀਦਣ ਲਈ ਵੀ ਰਿਆਸਤੀ ਸਹਾਇਤਾ ਦਿਤੀ ਜਾਂਦੀ ਹੈ। ਰੋਗੀਆਂ ਨੂੰ ਟੈਕਸ ਵਿਚ ਉਚੇਚੀਆਂ ਰਿਆਇਤਾਂ ਅਤੇ ਹੋਰ ਕਈ ਪਰਕਾਰ ਦੀ ਸਹਾਇਤਾ ਵੀ ਦਿਤੀ ਜਾਂਦੀ ਹੈ।

10. ਹੱਕੀ ਆਰਾਮ

ਨਿਰਯੋਗ ਹੋ ਚੁਕੇ ਸ਼ਹਿਰੀਆਂ ਨੂੰ ਪਿਨਸ਼ਨ ਦਿਤੀ ਜਾਂਦੀ ਹੈ। ਇਸ ਤੋਂ ਇਲਾਵਾ ਰਿਆਸਤ ਵਲੋਂ ਬਿਰਧਾਂ ਤੇ ਅਪਾਹਜਾਂ ਲਈ ਦੇਸ਼ ਭਰ ਵਿਚ ਘਰਾਂ ਦਾ ਇਕ ਜਾਲ ਵਿਛਿਆ ਹੋਇਆ ਹੈ। ਪਿਨਸ਼ਨੀਏ, ਜੋ ਕਲ-ਮੁਕੱਲੇ ਹੁੰਦੇ ਹਨ ਅਤੇ ਜਾਂ, ਕਿਸੇ ਕਾਰਣ ਕਰਕੇ ਆਪਣੇ ਟੱਬਰ ਨਾਲ ਨਹੀਂ ਰਹਿ ਸਕਦੇ, ਆਪਣੀ ਮਰਜ਼ੀ ਅਨੁਸਾਰ ਬਿਰਧਾਂ ਤੇ ਅਪਾਹਜਾਂ ਦੇ ਕਿਸੇ ਘਰ ਵਿਚ ਰਹਿ ਸਕਦੇ ਹਨ। ਉਥੇ ਰਿਆਸਤ ਵਲੋਂ ਉਹਨਾਂ ਦੀ ਪੂਰੀ ਪੂਰੀ ਸੰਭਾਲ ਹੁੰਦੀ ਹੈ। ਕੇਵਲ ਰੂਸੀ ਫੈਡਰੇਸ਼ਨ ਵਿਚ ਹੀ 573 ਅਜਿਹੇ ਘਰ ਹਨ, ਜਿਨ੍ਹਾਂ ਵਿਚ 82,000 ਤੋਂ ਵਧੀਕ ਲੋਕ ਰਹਿੰਦੇ ਹਨ। ਹਰ ਸਾਲ ਇਹਨਾਂ ਲੋਕਾਂ ਦੇ ਨਿਰਬਾਹ ਲਈ 50 ਕ੍ਰੋੜ ਰੂਬਲ ਤੋਂ ਵਧੀਕ ਖਰਚਾ ਕੀਤਾ ਜਾਂਦਾ ਹੈ। ਛੇਵੀਂ ਪੰਜ ਸਾਲਾ-ਪਲਾਨ ਅਨੁਸਾਰ ਰੂਸੀ ਫ਼ੇਡਰੇਸ਼ਨ ਵਿਚ

104 ਹੋਰ ਅਜਿਹੇ ਘਰ ਬਣਾਏ ਜਾਣੇ ਹਨ। ਇਹਨਾਂ ਵਿਚ 18,000 ਬੰਦਿਆਂ ਦੇ ਰਹਿਣ ਲਈ ਥਾਂ ਹੋਵੇਗੀ।

ਅਸੂਲਨ, ਬਿਰਧਾਂ ਤੇ ਅਪਾਹਜਾਂ ਦੇ ਘਰਾਂ ਦਾ ਪ੍ਰਬੰਧ ਵੀ ਉਵੇਂ ਹੀ ਕੀਤਾ ਜਾਂਦਾ ਹੈ ਜਿਵੇਂ ਕਿ ਅਰੋਗਤਾ ਘਰਾਂ ਦਾ। ਇਹ ਘਰ ਬੜੀਆਂ ਰਮਣੀਕ ਥਾਵਾਂ ਤੇ ਬਣਾਏ ਜਾਂਦੇ ਹਨ; ਇਹ ਖੁਲ੍ਹੇ, ਮੋਕਲੇ ਤੇ ਸੁਖਦਾਈ ਹੁੰਦੇ ਹਨ; ਇਹਨਾਂ ਵਿਚ ਡਾਕਟਰੀ ਇਲਾਜ ਤੇ ਸਭਿਆਚਾਰਕ ਸੇਵਾ ਦਾ ਪ੍ਰਬੰਧ ਹੁੰਦਾ ਹੈ। ਇਹਨਾਂ ਘਰਾਂ ਵਿਚ ਰਹਿ ਰਹੇ ਪਿਨਸ਼ਨੀਏ, ਡਾਕਟਰਾਂ ਦੀ ਨਿਗਰਾਨੀ ਥਲੇ, ਜਿਵੇਂ ਉਹਨਾਂ ਦੀ ਸਿਹਤ ਇਜਾਜ਼ਤ ਦੇਵੇ, ਬਾਗ਼ਾਂ ਵਿਚ, ਬਗੀਚੀਆਂ ਵਿਚ ਅਤੇ ਜਾਂ ਕਾਰ-ਕੇਂਦਰਾਂ ਵਿਚ ਕੰਮ ਕਰ ਸਕਦੇ ਹਨ। ਮਿਸਾਲ ਵਜੋਂ ਵਲੋਗਦਾ ਪ੍ਰਦੇਸ਼ ਦੇ ਅਰੋਗਤਾ ਘਰਾਂ ਵਿਚ ਕਈ ਕਾਮੇ ਫੀਤੇ ਤੇ ਝਾਲਰਾਂ ਉਣਦੇ ਹਨ, ਰੁਮਾਲ, ਰੁਮਾਲੜੀਆਂ ਅਤੇ ਗੁੱਡੀਆਂ ਬਣਾਂਦੇ ਹਨ। ਰੋਗੀਆਂ ਨੂੰ ਕੀਤੇ ਕੰਮ ਲਈ ਨੀਅਤ ਤਨਖ਼ਾਹ ਮਿਲਦੀ ਹੈ। ਇਸ ਤਨਖ਼ਾਹ ਦਾ ਅਧ ਉਹਨਾਂ ਨੂੰ ਨਕਦ ਮਿਲ ਜਾਂਦਾ ਹੈ ਅਤੇ ਅਧ, ਉਹਨਾਂ ਦੀ ਕੀਤੀ ਜਾ ਰਹੀ ਟਹਿਲ ਦੇ ਬਦਲੇ ਵਿਚ ਕਟ ਲਿਆ ਜਾਂਦਾ ਹੈ।

ਬਿਰਧਾਂ ਤੇ ਅਪਾਹਜਾਂ ਦੇ ਘਰਾਂ ਵਿਚ ਰਹਿ ਰਹੇ ਪਿਨਸ਼ਨੀਆਂ ਨੂੰ ਉਹਨਾਂ ਦੀ ਪਿਨਸ਼ਨ ਦਾ 10 ਫ਼ੀ ਸਦੀ ਹਿੱਸਾ ਜੇਬ ਖਰਚ ਵਜੋਂ ਦੇ ਦਿਤਾ ਜਾਂਦਾ ਹੈ। ਪਰ ਇਹ ਘਟੋ ਘਟ 50 ਰੂਬਲ ਮਾਹਵਾਰ ਜ਼ਰੂਰ ਹੁੰਦਾ ਹੈ। ਜੰਗ ਦੇ ਦਿਨਾਂ ਦੇ ਅਪਾਹਜਾਂ ਨੂੰ ਉਹਨਾਂ ਦੀ ਪਿਨਸ਼ਨ ਦਾ 25 ਫ਼ੀ ਸਦੀ ਮਿਲਦਾ ਹੈ, ਉਹਨਾਂ ਦੀ ਪਿਨਸ਼ਨ ਦਾ ਕੁਝ ਹਿੱਸਾ ਉਹਨਾਂ ਦੇ ਟੱਬਰਾਂ ਦੇ ਨਿਰਯੋਗ ਮੈਂਬਰਾਂ ਨੂੰ ਵੀ ਦਿਤਾ ਜਾਂਦਾ ਹੈ। ਕਈ ਵਾਰ ਇੰਜ ਹੁੰਦਾ ਹੈ ਕਿ ਕਿਸੇ ਪਿਨਸ਼ਨੀਏ ਦੀ ਪਿਨਸ਼ਨ ਘਰ ਵਿਚ ਰਹਿਣ ਦੇ ਉਸ ਦੇ ਖਰਚੇ ਨਾਲੋਂ ਵਧੀਕ ਹੁੰਦੀ ਹੈ। ਇਸ ਹਾਲਤ ਵਿਚ ਪਿਨਸ਼ਨੀਏ ਦੀ ਪਿਨਸ਼ਨ 'ਚੋਂ ਉਸ ਦੀ ਪਰਵਰਿਸ਼ ਤੇ ਸੰਭਾਲ ਦਾ ਖਰਚਾ ਕਟ ਕੇ, ਬਾਕੀ ਦੀ ਰਕਮ ਉਸ ਨੂੰ ਦੇ ਦਿਤੀ ਜਾਂਦੀ ਹੈ।

ਆਓ, ਰਤਾ, ਕੈਲੀਆਬਿੰਸਕ ਪ੍ਰਦੇਸ਼ ਦੀ ਕੈਸ਼ਟਕ ਆਬਾਦੀ ਵਿਚਲੇ, ਲੋਹੇ ਤੇ ਫੌਲਾਦ ਦੇ ਕਾਰਖ਼ਾਨੇ ਦੇ ਬਿਰਧ ਕਾਮਿਆਂ ਦਾ ਘਰ ਵੇਖੀਏ। ਚੀਲ ਦੇ ਸੰਘਣੇ ਜੰਗਲ ਵਿਚ ਇਹ ਦੋ ਮੰਜ਼ਲੀ ਖ਼ੂਬਸੂਰਤ ਇਮਾਰਤ ਖੜੀ ਹੈ। ਇਮਾਰਤ ਦੇ ਸਾਹਮਣੇ ਫਲਦਾਰ ਦਰਖ਼ਤ, ਝਾੜੀਆਂ ਤੇ ਫੁੱਲਾਂ ਦੀਆਂ ਕਿਆਰੀਆਂ ਲਗੀਆਂ ਹੋਈਆਂ ਹਨ। ਇਸ ਇਮਾਰਤ ਵਿਚ ਹਵਾਦਾਰ,

ਚਾਨਣ ਵਾਲੇ ਅਤੇ ਸਜੇ ਹੋਏ ਤੀਹ ਕਮਰੇ ਹਨ । ਫੁੱਲਾਂ, ਤਸਵੀਰਾਂ ਅਤੇ ਦਰੀਆਂ ਨੇ ਕਮਰਿਆਂ ਦਾ ਵਾਤਾਵਰਣ ਸੁਖਦਾਈ ਬਣਾ ਰਖਿਆ ਹੈ। ਜ਼ਾਤੀ ਕਮਰਿਆਂ ਤੋਂ ਇਲਾਵਾ, ਇਸ ਇਮਾਰਤ ਵਿਚ ਇਕ ਵਡੀ ਬੈਠਕ, ਲਾਇਬ੍ਰੇਰੀ, ਰੀਡਿੰਗ-ਰੂਮ, ਡਾਈਨਿੰਗ-ਹਾਲ ਅਤੇ ਕਈ ਹੋਰ ਟਹਿਲ-ਕਮਰੇ ਹਨ ।

ਇਥੇ ਇਕ 64 ਸਾਲ ਦਾ ਬੁਢਾ ਈਵਾਨ ਖਾਵਲਯੀਵ ਰਹਿੰਦਾ ਹੈ। ਕੋਈ ਵਕਤ ਸੀ, ਜਦ ਉਸ "ਕੈਲੀਆ ਬਿੰਸਕ ਲੋਹੇ ਤੇ ਫ਼ੌਲਾਦ ਦਾ ਕਾਰਖ਼ਾਨਾ" ਬਣਾਨ ਵਿਚ ਭਾਗ ਲਿਆ ਸੀ । ਕਾਰਖ਼ਾਨਾ ਉਸਰ ਜਾਣ ਤੋਂ ਬਾਅਦ, ਉਹ ਉਸ ਕਾਰਖ਼ਾਨੇ ਦੀ ਕੋਕ-ਕੈਮੀਕਲ-ਸ਼ਾਪ ਵਿੱਚ ਮੋਟਰ-ਅਪ੍ਰੇਟਰ ਦਾ ਕੰਮ ਕਰਦਾ ਰਿਹਾ ਸੀ । ਇਥੋਂ ਦਾ ਇਕ ਹੋਰ ਵਸਨੀਕ ਗੈਵਰਿਲ ਫ਼ੈਦੋਟੋਫ਼ ਹੈ । ਇਹ ਪਹਿਲਾਂ ਫੈਰੋ-ਅਲਾਏ ਫ਼ੈਕਟਰੀ (ਕਾਰਖ਼ਾਨਾ, ਜਿਥੇ ਲੋਹੇ ਨੂੰ ਹੋਰ ਧਾਤਾਂ ਨਾਲ ਮਿਲਾਇਆ ਜਾਂਦਾ ਹੈ) ਵਿਚ ਕੰਮ ਕਰਦਾ ਸੀ। ਲੋਹੇ ਤੇ ਫ਼ੌਲਾਦ ਦੇ ਕਾਰਖਾਨਿਆਂ ਦੇ ਇਹ ਬਿਰਧ ਕਾਮੇ ਇਥੇ ਸਚੀ ਮੁਚੀ ਦੀ ਘਰੇਲੂ ਜ਼ਿੰਦਗੀ ਬਤੀਤ ਕਰਦੇ ਹਨ । ਇਹਨਾਂ ਦੀਆਂ ਪਤਨੀਆਂ ਵੀ ਇਥੇ ਇਹਨਾਂ ਕੋਲ ਹੀ ਰਹਿੰਦੀਆਂ ਹਨ । ਇਹਨਾਂ 'ਚੋਂ ਹਰ ਕਿਸੇ ਦੇ ਪਿਛੋਕੜ ਲੰਮੀ ਨੌਕਰੀ ਦਾ ਰੀਕਾਰਡ ਹੈ । ਹੁਣ ਰਿਆਸਤ ਵਲੋਂ ਇਹਨਾਂ ਨੂੰ ਹੱਕੀ ਆਰਾਮ ਖ਼ੁਸ਼ੀ ਨਾਲ ਮਾਨਣ ਦੇ ਸਾਧਨ ਦਿਤੇ ਗਏ ਹਨ ।

ਨੋਮਿੰਸਕ ਵਿਚ ਪਿਛਲੇ ਸਾਲ ਹੀ ਬਿਰਧ ਟੈਕਸਟਾਈਲ ਕਾਮਿਆਂ ਲਈ ਇਕ 'ਘਰ' ਉਸਾਰਿਆ ਗਿਆ ਹੈ । 300 ਤੋਂ ਉਪਰ ਲੋਕ ਉਥੇ ਰਹਿੰਦੇ ਹਨ । ਇਹਨਾਂ 'ਚੋਂ ਬਹੁਤੇ, ਹਾਲਾਂ ਵੀ, ਆਪਣੀ ਸ੍ਰੀਰਕ ਯੋਗਤਾ ਅਨੁਸਾਰ ਕੰਮ ਕਰਦੇ ਹਨ । ਕਈ ਕਪੜੇ ਸੀਊਂਦੇ ਹਨ ਅਤੇ ਕਈ ਕਰੋਸ਼ੀਏ ਤੇ ਕਸੀਦਾਕਾਰੀ ਦਾ ਕੰਮ ਕਰਦੇ ਹਨ ।

ਸ਼ਾਮ ਨੂੰ ਇਹਨਾਂ ਘਰਾਂ ਵਿਚ ਆਮ ਦਿਲਚਸਪੀ ਦੇ ਲੈਕਚਰ ਦਿਵਾਏ ਜਾਂਦੇ ਹਨ, ਰਾਗ-ਰੰਗ ਹੁੰਦਾ ਹੈ, ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ ਅਤੇ ਸਾਹਿਤਕ-ਬੈਠਕਾਂ ਹੁੰਦੀਆਂ ਹਨ ।

ਵਲਾਦੀਮੀਰ ਪ੍ਰਦੇਸ਼ ਦੇ ਮੋਲੈਨਕੀ ਸ਼ਹਿਰ ਦੇ ਬੋਰਡਿੰਗ-ਹੋਮ ਵਿਚ ਰਹਿ ਰਹੇ ਬਿਰਧ ਉਸਤਾਦਾਂ, ਇੰਜੀਨੀਅਰਾਂ, ਡਾਕਟਰੀ-ਕਾਮਿਆਂ ਦੀ ਜ਼ਿੰਦਗੀ ਬਾਰੇ ਐਲ : ਲਾਮਟੋਫ਼ ਪਿਨਸ਼ਨੀਏ ਦਾ ਕਹਿਣਾ ਹੈ :

"ਇਸ ਘਰ ਦੀ ਹਰ ਸ਼ੈਅ–ਸੌਣ-ਕਮਰੇ ਤੋਂ ਲੈ ਕੇ ਬਾਹਰਲੇ ਵਿਹੜੇ ਤਕ–ਸ਼ਾਂਤੀ ਤੇ ਸੁਖ ਦੀ ਜ਼ਿੰਦਗੀ ਜੀਊਣ ਲਈ ਬਣਾਈ ਗਈ ਹੈ। ਅਸੀਂ ਇਸ ਨੂੰ ਪਿਆਰ ਕਰਦੇ ਹਾਂ ਅਤੇ ਆਪਣਾ ਬਹੁਤਾ ਧਿਆਨ ਇਸ ਵਲ ਦੇਂਦੇ ਹਾਂ। ਅਸੀਂ ਆਪਣਾ ਬਹੁਤਾ ਵਕਤ ਆਪਣੀ ਬਗ਼ੀਚੀ ਤੇ ਬਾਗ਼ ਨੂੰ ਸੰਵਾਰਨ ਤੇ ਖਰਚ ਕਰਦੇ ਹਾਂ। ਬਹਾਰ ਤੋਂ ਲੈ ਕੇ ਪਤ-ਝੜ ਦੀ ਰੁਤ ਤਕ, ਸਭ ਇਸਤਰੀਆਂ ਤੇ ਪੁਰਸ਼ ਉਥੇ ਆਹਰੇ ਲਗੇ ਰਹਿੰਦੇ ਹਨ, ਫਲਦਾਰ ਬੂਟਿਆਂ ਦੀ ਸੰਭਾਲ ਕਰਦੇ ਹਨ, ਸਬਜ਼ੀਆਂ ਬੀਜਦੇ ਹਨ। ਸਰਦੀਆਂ ਦੀਆਂ ਲੰਮੀਆਂ ਸ਼ਾਮਾਂ ਨੂੰ ਉਹ ਪੜ੍ਹਦੇ ਹਨ, ਕਰੋਸ਼ੀਏ ਨਾਲ ਰੁਮਾਲੜੀਆਂ ਉਣਦੇ ਹਨ, ਜਰਾਬਾਂ ਤੇ ਦਸਤਾਨੇ ਤਿਆਰ ਕਰਦੇ ਹਨ, ਸ਼ਤਰੰਜ ਤੇ ਦੂਸਰੀਆਂ ਘਰੇਲੂ ਖੇਡਾਂ ਖੇਡਦੇ ਹਨ। ਸੰਗੀਤ-ਪ੍ਰੇਮੀਆਂ ਲਈ ਪਿਆਨੋ ਤੇ ਦੂਸਰੇ ਸਾਜ਼ ਹਨ। ਟਹਿਲਕਾਰ ਬੜੇ ਚੌਕੰਨੇ ਰਹਿੰਦੇ ਹਨ ਤੇ ਸਾਨੂੰ ਖ਼ੁਸ਼ ਤੇ ਪ੍ਰਸੰਨ ਰਖਣ ਲਈ ਬੜਾ ਕੁਝ ਕਰਦੇ ਹਨ।"

ਸੋਵੀਅਤ ਯੂਨੀਅਨ ਦੇ ਜਨ-ਸਾਧਾਰਨ ਨੂੰ ਹੁਣ ਆਪਣੇ ਬੁਢੇਪੇ ਵਲੋਂ ਕੋਈ ਤੌਖ਼ਲਾ ਨਹੀਂ। ਉਹ ਜਾਣਦੇ ਹਨ ਕਿ ਉਹਨਾਂ ਦਾ ਨਿਰਬਾਹ ਕੀਤਾ ਜਾਵੇਗਾ। ਵਿਸ਼ਵਾਸ ਦੇ ਇਸ ਜਜ਼ਬੇ ਦਾ ਇਜ਼ਹਾਰ ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਦੇ ਡਿਪਟੀ ਐਮ: ਤੁਰਸੁਨਜ਼ਾਦੇ ਨੇ, ਜੋ ਤਾਜ਼ਿਕ ਲੋਕਾਂ ਦਾ ਪ੍ਰਤੀਨਿਧ ਹੈ, ਇਹਨਾਂ ਸ਼ਬਦਾਂ ਵਿਚ ਬੜੀ ਚੰਗੀ ਤਰ੍ਹਾਂ ਕੀਤਾ ਹੈ:

"ਮੇਰੀ ਮਾਤ-ਭੂਮੀ ਦੇ ਲੋਕਾਂ ਲਈ ਸਭ ਤੋਂ ਵਡੀ ਦੁਰਘਟਨਾ ਬਿਰਧ-ਆਯੂ ਸੀ: ਤਾਜ਼ਿਕਸਤਾਨ ਦੇ ਮਾਣਮਤੇ ਲੋਕ ਮੌਤ ਤੋਂ ਨਹੀਂ ਸਨ ਡਰਦੇ, ਪਰ ਉਹ ਪਲਮਦੀ ਆ ਰਹੀ ਬਿਰਧ-ਆਯੂ ਤੋਂ ਡਰਦੇ ਸਨ। ਭਾਵੇਂ ਕਿਸੇ ਬੰਦੇ ਨੇ ਕਿੰਨੀ ਹੀ ਮਿਹਨਤ ਨਾਲ ਕੰਮ ਕੀਤਾ ਹੋਵੇ, ਭਾਵੇਂ ਉਸ ਨੇ ਕਿੰਨੇ ਹੀ ਅਦਭੁਤ ਖ਼ਜ਼ਾਨੇ ਪੈਦਾ ਕਰਨ ਵਿਚ ਸਹਾਇਤਾ ਦਿਤੀ ਹੋਵੇ, ਵਖਰੇਵਾਂ ਤੇ ਮੁਕੰਮਲ ਅੰਧਕਾਰ ਜਬਾੜੇ ਖੋਲ੍ਹੀ ਉਸ ਦਾ ਰਾਹ ਰੋਕੀ ਖੜੇ ਹੁੰਦੇ। ਬਿਰਧ ਆਦਮੀ ਆਪਣੇ ਹੀ ਟੱਬਰ, ਆਪਣੇ ਹੀ ਬਚਿਆਂ ਅਤੇ ਪੋਤਰਿਆਂ ਤੇ ਭਾਰ ਬਣ ਜਾਂਦਾ। ਕਿਸੇ ਨੂੰ ਵੀ ਉਸ ਦੀ ਲੋੜ ਨ ਹੁੰਦੀ।

"ਇਨਕਲਾਬ ਨੇ ਤਾਜ਼ਿਕਸਤਾਨੀ ਲੋਕਾਂ ਨੂੰ ਇਸ ਭੈ ਤੋਂ ਸੁਤੰਤਰ ਕਰਵਾਇਆ ਹੈ। ਮਹਾਨ ਅਕਤੂਬਰ ਇਨਕਲਾਬ ਤੋਂ ਲੈ ਕੇ ਹੁਣ ਤਕ ਮੇਰੇ ਲੋਕਾਂ ਨੂੰ ਇਸ ਦੁਖਾਂਤ ਦਾ ਸਾਹਮਣਾ ਨਹੀਂ ਕਰਨਾ ਪਿਆ। ਉਹ ਵੇਖਦੇ ਹਨ ਕਿ ਆਪਣੀ ਜ਼ਿੰਦਗੀ ਦੀ ਚਿੰਤਾ ਕਰਨ ਵਿਚ ਉਹ ਇਕਲੇ

ਨਹੀਂ ਹਨ; ਸਗੋਂ ਉਤੇ ਇਕ ਮਹਾਨ ਨਿਆਂਕਾਰ ਸਰਕਾਰ ਬੈਠੀ ਹੈ ਜਿਸ ਨੂੰ ਉਹਨਾਂ ਦੇ ਭਵਿਸ਼ ਦਾ ਪੂਰਾ ਪੂਰਾ ਫ਼ਿਕਰ ਹੈ। ਸਤਿਕਾਰਯੋਗ ਬੁਢਾਪਾ ਹੁਣ ਇਕ ਅਭਾਗੀ ਅਵਸਥਾ ਨਹੀਂ ਰਹੀ। ਇਸ ਤੇ ਸਗੋਂ ਹੁਣ ਗੌਰਵ ਕੀਤਾ ਜਾ ਸਕਦਾ ਹੈ। ਬਿਰਧ ਆਯੂ ਸੋਵੀਅਤ ਯੂਨੀਅਨ ਵਿਚ ਹੁਣ ਇਕ ਮਾਨਵਰ ਆਯੂ ਮੰਨੀ ਜਾਂਦੀ ਹੈ।"

ਰਿਆਸਤੀ ਪਿਨਸ਼ਨਾਂ ਦਾ ਕਨੂੰਨ

ਸੋਵੀਅਤ ਯੂਨੀਅਨ ਵਿਚ ਸ਼ਹਿਰੀਆਂ ਨੂੰ, ਬਿਰਧ ਅਤੇ ਨਿਰਯੋਗ ਜਾਂ ਰੋਗੀ ਹੋ ਜਾਣ ਦੀ ਹਾਲਤ ਵਿਚ, ਰਿਆਸਤ ਵਲੋਂ ਦਿਤਾ; ਪਦਾਰਥਕ-ਟਖਿਆ ਦਾ ਹੱਕ, ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀਆਂ ਮਹਾਨ ਜਿੱਤਾਂ ਵਿਚੋਂ ਇਕ ਹੈ। ਇਹ ਹੱਕ ਸੋਵੀਅਤ ਯੂਨੀਅਨ ਦੇ ਵਿਧਾਨ ਵਿਚ ਦਰਜ ਹੈ।

ਸੋਵੀਅਤ ਯੂਨੀਅਨ ਵਿਚ ਸੋਸ਼ਲਿਸਟ ਸਿਸਟਮ ਵਲੋਂ ਪਿਨਸ਼ਨਾਂ ਦੇ ਹੱਕ ਦੀ ਕਨੂੰਨੀ ਗਰੰਟੀ ਹੈ। ਏਸੇ ਸਿਸਟਮ ਅਨੁਸਾਰ ਮਨੁਖ ਵਲੋਂ ਮਨੁਖ ਦੀ ਲੁਟ-ਖਸੁਟ, ਬੇਰੁਜ਼ਗਾਰੀ ਅਤੇ ਕਾਮਿਆਂ ਦੇ ਭਲਕ-ਦੇ-ਤੌਖਲੇ ਦਾ ਹਮੇਸ਼ਾ ਵਾਸਤੇ ਫਸਤਾ ਵਢ ਦਿਤਾ ਗਿਆ ਹੈ। ਸੋਵੀਅਤ ਯੂਨੀਅਨ ਵਿਚ ਕੁਲ ਪਿਨਸ਼ਨਾਂ ਦੀ ਅਦਾਇਗੀ ਰਿਆਸਤੀ ਤੇ ਪਬਲਿਕ ਫੰਡਾਂ 'ਚੋਂ ਕੀਤੀ ਜਾਂਦੀ ਹੈ।

ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਥਲੇ, ਸੋਵੀਅਤ ਜਨਤਾ ਨੇ ਸੋਸ਼ਲਿਸਟ ਆਰਥਕਤਾ ਦੀ ਉਨਤੀ ਲਈ ਜੋ ਮੱਲਾਂ ਮਾਰੀਆਂ ਹਨ, ਉਹਨਾਂ ਸਦਕਾ ਪਿਨਸ਼ਨ-ਨੇਮ ਨੂੰ ਚੰਗੇਰਾ ਬਣਾ ਸਕਣਾ ਹੁਣ ਸੰਭਵ ਹੋ ਗਿਆ ਹੈ।

ਇਸ ਨਿਸ਼ਾਨੇ ਨੂੰ ਮੁਖ ਰਖ ਕੇ, ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਨੇ ਹੇਠ ਲਿਖਿਆ ਕਨੂੰਨ ਪਾਸ ਕੀਤਾ ਹੈ:

I. ਆਮ ਸ਼ਰਤਾਂ

ਦਫ਼ਾ 1. ਪਿਨਸ਼ਨਾਂ ਦੇ ਹਕਦਾਰ ਹਨ:

(ੳ) ਕਾਰਖਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ;

(ਅ) ਫੌਜੀ ਮੁਲਾਜ਼ਮ।

(ੲ) ਉਚੀਆਂ ਵਿਦਿਅਕ ਸੰਸਥਾਵਾਂ, ਉਚੇਰੀਆਂ ਸੈਕੰਡਰੀ ਵਿਦਿਅਕ ਸੰਸਥਾਵਾਂ, ਕਾਲਜਾਂ, ਸਕੂਲਾਂ ਅਤੇ ਕਸਬਾਂ ਦੀ ਸਿਖਿਆ ਦੇਣ ਵਾਲੇ ਕੋਰਸਾਂ ਦੇ ਵਿਦਿਆਰਥੀ;

(ਸ) ਸ਼ਹਿਰੀ, ਜੋ ਰਿਆਸਤ ਜਾਂ ਪਬਲਿਕ ਦੇ ਕੰਮਾਂ ਨੂੰ ਕਰਦਿਆਂ ਨਿਕਾਰੇ ਹੋ ਗਏ ਹੋਣ;

(ਹ) ਇਸ ਦਫ਼ਾ ਵਿਚ ਦਰਜ ਸ਼ਹਿਰੀਆਂ ਦੇ ਟਬਰਾਂ ਦੇ ਜੀਅ, ਜੇਕਰ ਕਮਾਊ-ਮਿੰਬਰ ਦੀ ਮੌਤ ਹੋ ਜਾਵੇ।

ਦਫ਼ਾ 2. ਇਸ ਕਨੂੰਨ ਥਲੇ ਰਿਆਸਤੀ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

(ੳ) ਬਿਰਧ ਆਯੂ ਕਾਰਨ।

(ਅ) ਨਿਰਯੋਗ ਹੋ ਜਾਣ ਕਾਰਨ।

(ੲ) ਕਮਾਊ ਜੀਅ ਦੀ ਮੌਤ ਹੋ ਜਾਣ ਕਾਰਨ।

ਦਫ਼ਾ 3. ਜਿਹੜੇ ਸ਼ਹਿਰੀ ਇਕ ਤੋਂ ਵਧੀਕ ਪਰਕਾਰ ਦੀਆਂ ਪਿਨਸ਼ਨਾਂ ਦੇ ਹਕਦਾਰ ਹੋ ਜਾਣ, ਉਹ ਆਪਣੀ ਮਰਜ਼ੀ ਅਨੁਸਾਰ, ਜਿਹੜੀ ਚਾਹੁਣ, ਇਕ ਪਰਕਾਰ ਦੀ ਪਿਨਸ਼ਨ ਚੁਣ ਕੇ ਲੈ ਸਕਦੇ ਹਨ।

ਦਫ਼ਾ 4. ਪਿਨਸ਼ਨ ਦੇ ਹਕਦਾਰ ਸ਼ਹਿਰੀ, ਪਿਨਸ਼ਨ ਪਾਣ ਦੇ ਹਕ ਤੋਂ ਪਿਛੋਂ ਜਦ ਵੀ ਚਾਹੁਣ, ਬਿਨਾਂ ਸਮੇਂ ਦੀ ਕਿਸੇ ਪਾਬੰਦੀ ਦੇ, ਪਿਨਸ਼ਨ ਦੀ ਅਰਜੀ ਦੇ ਸਕਦੇ ਹਨ।

ਦਫ਼ਾ 5. ਪਿਨਸ਼ਨਾਂ ਦੀ ਮਨਜ਼ੂਰੀ ਕਿਰਤੀ ਲੋਕਾਂ ਦੇ ਡਿਪਟੀਆਂ ਦੀਆਂ ਜ਼ਿਲ੍ਹਾ (ਸ਼ਹਿਰੀ) ਸੋਵੀਅਤਾਂ ਦੀਆਂ ਕਾਰਜ-ਕਾਰੀ ਕਮੇਟੀਆਂ ਵਲੋਂ ਕਾਇਮ ਕੀਤੇ ਗਏ ਪਿਨਸ਼ਨ-ਕਮਿਸ਼ਨਾਂ ਵਲੋਂ ਦਿਤੀ ਜਾਂਦੀ ਹੈ।

ਪਿਨਸ਼ਨ-ਕਮਿਸ਼ਨ ਦੇ ਫੈਸਲੇ ਵਿਰੁਧ ਅਪੀਲ ਕਿਰਤੀ-ਲੋਕਾਂ ਦੇ ਡਿਪਟੀਆਂ ਦੀ ਜ਼ਿਲ੍ਹਾ (ਸ਼ਹਿਰੀ) ਸੋਵੀਅਤ ਦੀ ਕਾਰਜ-ਕਾਰੀ ਕਮੇਟੀ ਅਗੇ ਕੀਤੀ ਜਾ ਸਕਦੀ ਹੈ।

ਦਫ਼ਾ 6. ਪਿਨਸ਼ਨਾਂ ਦੀ ਅਦਾਇਗੀ, ਰਿਆਸਤ ਵਲੋਂ ਉਹਨਾਂ ਫੰਡਾਂ 'ਚੋਂ ਕੀਤੀ ਜਾਂਦੀ ਹੈ, ਜੋ ਸੋਵੀਅਤ-ਯੂਨੀਅਨ ਦੇ ਰਿਆਸਤੀ ਬਜਟ ਵਿਚੋਂ, ਹਰ ਸਾਲ, ਇਸ ਕੰਮ ਲਈ ਵਖਰੇ ਕਢੇ ਜਾਂਦੇ ਹਨ। ਇਹਨਾਂ ਫੰਡਾਂ ਵਿਚ, ਰਿਆਸਤੀ ਸਮਾਜਕ-ਬੀਮੇ ਦੀਆਂ ਉਹ ਰਕਮਾਂ ਵੀ ਸ਼ਾਮਿਲ ਹੁੰਦੀਆਂ ਹਨ, ਜੋ ਅਦਾਰਿਆਂ, ਸੰਸਥਾਵਾਂ ਅਤੇ ਜਥੇਬੰਦੀਆਂ ਵਲੋਂ, ਕਾਮਿਆਂ ਤੇ ਦਫ਼ਤਰੀ

ਮੁਲਾਜਮਾਂ ਦੀਆਂ ਤਨਖਾਹਾਂ ਤੇ ਉਜਰਤਾਂ ਵਿਚੋਂ ਬਿਨਾਂ ਕੋਈ ਕਾਟ ਕਟਣ ਦੇ, ਦਿਤੀਆਂ ਜਾਂਦੀਆਂ ਹਨ ।

ਦਫ਼ਾ 7. ਪਿਨਸ਼ਨਾਂ ਤੇ ਕੋਈ ਟੈਕਸ ਨਹੀਂ ਲਗਦਾ ।

II. ਬਿਰਧ-ਆਯੂ ਦੀਆਂ ਪਿਨਸ਼ਨਾਂ

ਦਫ਼ਾ 8. ਕਾਰਖਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ ਬਿਰਧ-ਆਯੂ ਦੀ ਪਿਨਸ਼ਨ ਦੇ ਹਕਦਾਰ ਹਨ :

ਪੁਰਸ਼—60 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 25 ਸਾਲ ਦੀ ਨੌਕਰੀ ਪੂਰੀ ਕਰਨ ਤੇ;

ਇਸਤਰੀਆਂ—55 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 20 ਸਾਲ ਦੀ ਨੌਕਰੀ ਪੂਰੀ ਕਰਨ ਤੇ ।

ਦਫ਼ਾ 9. ਬਿਰਧ-ਆਯੂ ਦੀਆਂ ਪਿਨਸ਼ਨਾਂ, ਸੁਖਾਵੀਆਂ ਸ਼ਰਤਾਂ ਤੇ, ਲੈਣ ਦੇ ਹਕਦਾਰ ਹਨ :

(ੳ) ਕਾਰਖਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ, ਜੋ ਜ਼ਿਮੀਦੋਜ਼ ਕੰਮਾਂ ਤੇ, ਸਿਹਤ ਲਈ ਹਾਨੀਕਾਰਕ ਕੰਮਾਂ ਤੇ, ਅਤੇ ਜਾਂ, ਜ਼ਿਆਦਾ ਤਪਸ਼ ਵਾਲੇ ਕਾਰਖਾਨਿਆਂ ਵਿਚ ਕੰਮਾਂ ਤੇ ਲਗੇ ਹੋਏ ਹੋਣ । ਇਹੋ ਜਿਹੇ ਕਾਰਖਾਨਿਆਂ, ਕਾਰ-ਕੇਂਦਰਾਂ, ਕੰਮਾਂ ਤੇ ਪੇਸ਼ਿਆਂ ਦੀ ਲਿਸਟ ਸੋਵੀਅਤ ਯੂਨੀਅਨ ਦੀ ਮੰਤਰੀ-ਕੌਂਸਲ ਵਲੋਂ ਮਨਜ਼ੂਰ ਹੋਈ ਹੁੰਦੀ ਹੈ ।

ਪੁਰਸ਼—50 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 20 ਸਾਲ ਦੀ ਨੌਕਰੀ ਪੂਰੀ ਕਰਨ ਤੇ;

ਇਸਤਰੀਆਂ—45 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 15 ਸਾਲ ਦੀ ਨੌਕਰੀ ਪੂਰੀ ਕਰਨ ਤੇ;

(ਅ) ਕਾਰਖਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ ਜੋ ਕਠਨ ਹਾਲਤਾਂ ਵਾਲੇ ਕੰਮਾਂ ਤੇ ਹਨ—ਸੋਵੀਅਤ ਯੂਨੀਅਨ ਦੀ ਮੰਤਰੀ-ਕੌਂਸਲ ਵਲੋਂ ਮਨਜ਼ੂਰ ਹੋਈ ਇਹੋ ਜਿਹੇ ਕਾਰਖਾਨਿਆਂ, ਕਾਰ-ਕੇਂਦਰਾਂ, ਕੰਮਾਂ ਤੇ ਪੇਸ਼ਿਆਂ ਦੀ ਲਿਸਟ ਅਨੁਸਾਰ :

ਪੁਰਸ਼—55 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 25 ਸਾਲ ਦੀ ਨੌਕਰੀ ਪੂਰੀ ਕਰਨ ਤੇ;

ਇਸਤਰੀਆਂ—50 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 20 ਸਾਲ ਦੀ ਨੌਕਰੀ ਪੂਰੀ ਕਰਨ ਤੇ।

ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਦਾ ਕਾਮਾ, ਸੁਖਾਵੀਆਂ ਸ਼ਰਤਾਂ ਤੇ, ਬਿਰਧ-ਆਯੂ ਦੀ ਪਿਨਸ਼ਨ ਲੈਣ ਦਾ ਹਕਦਾਰ ਹੈ, ਜੇ ਕਰ ਇਸ ਪਰਕਾਰ ਦੀ ਪਿਨਸ਼ਨ ਲਈ ਨੀਅਤ ਕੀਤੇ ਗਏ ਸਮੇਂ ਦਾ ਘਟੋ ਘਟ ਅਧਾ ਹਿੱਸਾ ਉਸ ਉਹ ਕੰਮ ਕਰਦਿਆਂ ਬਿਤਾਇਆ ਹੋਵੇ (ਬਿਨਾਂ ਇਸ ਵਿਚਾਰ ਦੇ, ਕਿ ਅਖੀਰ ਤੇ ਉਸ ਦੀ ਕੰਮ ਥਾਂ ਕਿਹੜੀ ਸੀ)।

ਦਫ਼ਾ 10. ਇਸਤਰੀਆਂ, ਜਿਨ੍ਹਾਂ ਪੰਜ ਜਾਂ ਪੰਜ ਤੋਂ ਵਧੀਕ ਬਚਿਆਂ ਨੂੰ ਜਨਮ ਦਿਤਾ ਅਤੇ ਉਹਨਾਂ ਨੂੰ ਅਠ ਸਾਲ ਦੀ ਉਮਰ ਤਕ ਪਾਲਿਆ ਹੁੰਦਾ ਹੈ, 50 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 15 ਸਾਲ ਦੀ ਨੌਕਰੀ ਪੂਰੀ ਕਰਨ ਤੇ, ਜੇ ਕਰ ਉਹ ਇਸ ਤੋਂ ਪਹਿਲਾਂ ਹੀ ਇਸ ਪਰਕਾਰ ਦੀ ਪਿਨਸ਼ਨ ਦੀਆਂ ਹਕਦਾਰ ਨ ਹੋ ਜਾਣ, ਬਿਰਧ-ਆਯੂ ਦੀ ਪਿਨਸ਼ਨ ਦੀਆਂ ਹਕਦਾਰ ਹੋ ਜਾਂਦੀਆਂ ਹਨ।

ਦਫ਼ਾ 11. ਕਾਰਖਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਨੇਤਰ-ਹੀਨ ਕਾਮੇ, ਜੋ ਨਿਰਯੋਗਤਾ ਕਾਰਨ ਪਿਨਸ਼ਨ ਪਾ ਰਹੇ ਹੋਣ, ਓਸ ਪਿਨਸ਼ਨ ਦੇ ਬਦਲੇ, ਬਿਰਧ-ਆਯੂ ਦੀ ਪਿਨਸ਼ਨ ਦੇ ਹਕਦਾਰ ਵੀ ਹਨ :

ਪੁਰਸ਼—50 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 15 ਸਾਲ ਦੀ ਨੌਕਰੀ ਪੂਰੀ ਕਰਨ ਤੇ;

ਇਸਤਰੀਆਂ—40 ਸਾਲ ਦੀ ਉਮਰ ਹੋਣ ਤੇ, ਅਤੇ ਘਟੋ ਘਟ 10 ਸਾਲ ਦੀ ਨੌਕਰੀ ਪੂਰੀ ਕਰਨ ਤੇ।

ਦਫ਼ਾ 12. ਕਾਰਖਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਉਹ ਕਾਮੇ ਵੀ, ਜੋ ਪਿਨਸ਼ਨ ਪਾਣ ਲਈ ਨੀਯਤ ਕੀਤੇ ਗਏ ਨੌਕਰੀ ਦੇ ਸਮੇਂ ਨੂੰ ਪੂਰਾ ਕਰਨ ਤੋਂ ਪਹਿਲਾਂ ਹੀ, ਪਿਨਸ਼ਨ ਪਾਣ ਦੀ ਬਿਰਧ-ਆਯੂ ਨੂੰ ਪਹੁੰਚ ਜਾਂਦੇ ਹਨ, ਵੀ ਆਪਣੀ ਨੌਕਰੀ ਦੇ ਸਮੇਂ ਅਨੁਸਾਰ ਪਿਨਸ਼ਨ ਲੈਣ ਦੇ ਹਕਦਾਰ ਹਨ, ਜੇਕਰ ਉਹਨਾਂ ਘਟੋ ਘਟ ਪੰਜ ਸਾਲ ਨੌਕਰੀ ਕੀਤੀ ਹੋਵੇ। ਇਹਨਾਂ ਪੰਜਾਂ ਸਾਲਾਂ ਵਿਚ, ਪਿਨਸ਼ਨ ਦੀ ਅਰਜ਼ੀ ਦੇਣ ਤੋਂ ਪਹਿਲਾਂ ਦੇ ਤਿੰਨਾਂ ਸਾਲਾਂ ਦੀ ਨਿਰਵਿਘਨ ਨੌਕਰੀ ਦਾ ਸਮਾਂ ਵੀ ਸ਼ਾਮਿਲ ਹੁੰਦਾ ਹੈ। (ਇਸ ਪਰਕਾਰ ਦੀ ਪਿਨਸ਼ਨ, ਪੂਰੀ ਪਿਨਸ਼ਨ ਦੇ ਇਕ ਚੌਥਾਈ ਹਿੱਸੇ ਨਾਲੋਂ ਘਟ ਨਹੀ' ਹੁੰਦੀ)।

ਦਫ਼ਾ 13. ਬਿਰਧ-ਆਯੂ ਦੀਆਂ ਪਿਨਸ਼ਨਾਂ ਇਸ ਪਰਕਾਰ ਦਿਤੀਆਂ ਜਾਂਦੀਆਂ ਹਨ :

ਮਾਹਵਾਰੀ ਆਮਦਨ-ਰੂਬਲਾਂ ਵਿਚ	ਪਿਨਸ਼ਨ			
	ਕਾਰਖ਼ਾਨਿਆ, ਦਫ਼ਤਰਾਂ ਤੇ ਹੋਰਨਾਂ ਥਾਵਾਂ ਦੇ ਕਾਮੇ-ਜ਼ਿਮੀਂਦੋਜ਼ ਤੇ ਹਾਨੀਕਾਰਕ ਕੰਮਾਂ ਤੇ, ਅਤੇ ਤਪਸ਼-ਵਾਲੇ ਕਾਰ-ਕੇਂਦਰਾਂ ਵਿਚ ਕੰਮਾਂ ਤੇ, ਲਗੇ ਕਾਮਿਆਂ ਨੂੰ ਛਡ ਕੇ।		ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ ਜੋ ਜ਼ਿਮੀਂਦੋਜ ਤੇ ਹਾਨੀ-ਕਾਰਕ ਕੰਮਾਂ ਤੇ, ਅਤੇ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਕੰਮਾਂ ਤੇ, ਲਗੇ ਹੋਏ ਹਨ।	
	ਆਮਦਨ ਦਾ ਫੀ ਸਦੀ	ਘਟੋ ਘਟ ਪਿਨਸ਼ਨ ਰੂਬਲਾਂ ਵਿਚ (ਬਿਨਾਂ ਵਾਧਿਆਂ ਦੇ)	ਆਮਦਨ ਦਾ ਫੀ ਸਦੀ	ਘਟੋ ਘਟ ਪਿਨਸ਼ਨ ਰੂਬਲਾਂ ਵਿਚ (ਬਿਨਾਂ ਵਾਧਿਆਂ ਦੇ)
350 ਤਕ (ਸਭ ਕੁਝ ਪਾਕੇ)	100	300	100	300
350 ਤੋਂ 500 ਤਕ ,,	85	350	90	350
500 ,, 600 ,, ,,	75	435	80	450
600 ,, 800 ,, ,,	65	450	70	480
800 ,, 1000 ,, ,,	55	520	60	560
1000,, ਉਪਰ ,, ,,	50	550	55	600

ਬਿਰਧ-ਆਯੂ ਦੀ ਪਿਨਸ਼ਨ ਘਟੋ ਘਟ 300 ਰੂਬਲ ਮਾਹਵਾਰ ਹੈ। ਬਿਰਧ-ਆਯੂ ਦੀ ਪਿਨਸ਼ਨ ਵਧ ਤੋਂ ਵਧ 1,200 ਰੂਬਲ ਮਾਹਵਾਰ ਹੈ।

ਦਫ਼ਾ 14. ਬਿਰਧ-ਆਯੂ ਦੀਆਂ ਪਿਨਸ਼ਨਾਂ ਵਿਚ ਹੇਠ ਲਿਖੇ ਵਾਧੇ ਦਿਤੇ ਜਾ ਸਕਦੇ ਹਨ (ਵਧ ਤੋਂ ਵਧ ਪਿਨਸ਼ਨ ਦੀਆਂ ਹਦਾਂ ਦੇ ਅੰਦਰ ਅੰਦਰ)।

(ੳ) 15 ਸਾਲ ਤੋਂ ਵਧੀਕ ਨਿਰਵਿਘਨ ਨੌਕਰੀ ਲਈ, ਜਾਂ ਪੁਰਸ਼ ਦੀ 35 ਸਾਲ ਤੇ ਇਸਤਰੀਆਂ ਦੀ 30 ਸਾਲ ਤੋਂ ਵਧੀਕ ਨੌਕਰੀ ਲਈ—ਪਿਨਸ਼ਨ ਦਾ 10 ਫ਼ੀ ਸਦੀ।

ਕਾਰਖਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ, ਜੋ ਇਸ ਕਨੂੰਨ ਦੀ ਮਦ 'ੳ', ਦਫ਼ਾ 9 ਅਤੇ ਦਫ਼ਾ 10 ਅਤੇ 11 ਅਨੁਸਾਰ, ਸੁਖਾਵੀਆਂ ਸ਼ਰਤਾਂ ਤੇ, ਪਿਨਸ਼ਨ ਦੇ ਹਕਦਾਰ ਹੁੰਦੇ ਹਨ, ਵੀ ਉਪਰ ਦਸਿਆ ਵਾਧਾ ਲੈ ਸਕਦੇ ਹਨ, ਜੇਕਰ ਉਹਨਾਂ ਦੀ ਕੁਝ ਨੌਕਰੀ, ਸੁਖਾਵੀਆਂ ਸ਼ਰਤਾਂ ਤੇ ਇਸ ਪਿਨਸ਼ਨ ਲਈ ਨੀਅਤ ਕੀਤੀ ਗਈ ਨੌਕਰੀ ਨਾਲੋਂ, 10 ਸਾਲ ਵਧੀਕ ਹੋਵੇ;

(ਅ) ਕੰਮ ਦੇ ਅਸਮਰਥ ਆਸ਼੍ਰਿਤਾਂ ਵਾਲੇ ਬੇ-ਕੰਮ ਪਿਨਸ਼ਨੀਏ :

ਇਕ ਅਸਮਰਥ ਆਸ਼੍ਰਿਤ ਲਈ—ਪਿਨਸ਼ਨ ਦਾ 10 ਫ਼ੀ ਸਦੀ;

ਦੋ ਜਾਂ ਦੋ ਤੋਂ ਵਧੀਕ ਅਸਮਰਥ ਆਸ਼੍ਰਿਤਾਂ ਲਈ—ਪਿਨਸ਼ਨ ਦਾ 15 ਫ਼ੀ ਸਦੀ।

ਦਫ਼ਾ 15. ਕੰਮਾਂ ਤੇ ਲਗੇ ਪਿਨਸ਼ਨੀਆਂ ਨੂੰ ਬਿਰਧ-ਆਯੂ ਦੀ ਪਿਨਸ਼ਨ 150 ਰੂਬਲ ਮਾਹਵਾਰ ਮਿਲਦੀ ਹੈ, ਜੇ ਕਰ ਉਹਨਾਂ ਦੀ ਆਮਦਨ (ਪਿਨਸ਼ਨ ਨੂੰ ਛਡ ਕੇ) 1,000 ਰੂਬਲ ਤੋਂ ਵਧੀਕ ਨਾ ਹੋਵੇ।

ਸੁਖਾਵੀਆਂ ਸ਼ਰਤਾਂ ਤੇ, ਬਿਰਧ-ਆਯੂ ਦੀਆਂ ਪਿਨਸ਼ਨਾਂ ਦੇ ਹਕਦਾਰ ਕੰਮਾਂ ਤੇ ਲਗੇ ਪਿਨਸ਼ਨੀਆਂ ਨੂੰ, ਬਿਨਾਂ ਆਮਦਨ ਦੀ ਕਿਸੇ ਸ਼ਰਤ ਦੇ, ਉਨ੍ਹਾਂ ਦੀ ਪੂਰੀ ਪਿਨਸ਼ਨ ਦਾ 50 ਫ਼ੀ ਸਦੀ ਵਾਧਾ ਦਿਤਾ ਜਾਂਦਾ ਹੈ, ਜੇ ਕਰ ਉਹ ਜ਼ਿਮੀਦੋਜ਼, ਹਾਨੀਕਾਰਕ ਹਾਲਾਤ ਵਾਲੇ, ਅਤੇ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਕੰਮਾਂ ਤੇ ਲਗੇ ਹੋਏ ਹੋਣ।

ਘਟ ਨੌਕਰੀ ਵਾਲੇ ਲੋਕ, ਜੇ ਕਰ ਉਹ ਕੰਮ ਤੇ ਲਗੇ ਰਹਿਣ, ਬਿਰਧ-ਆਯੂ ਦੀ ਪਿਨਸ਼ਨ ਦੇ ਹਕਦਾਰ ਨਹੀਂ ਹੁੰਦੇ।

ਦਫ਼ਾ 16. ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਦਾ ਕਾਮਾ, ਜੇਕਰ ਪਿਨਸ਼ਨ ਦੀ ਉਮਰ ਨੂੰ ਪਹੁੰਚਨ ਤੋਂ ਪਹਿਲਾਂ ਅਤੇ ਬਿਰਧ-ਆਯੂ ਦੀ ਪਿਨਸ਼ਨ ਪਾਣ ਲਈ ਨੀਅਤ ਕੀਤੀ ਗਈ ਨੌਕਰੀ ਤੋਂ ਘਟ ਨੌਕਰੀ ਕਰ ਕੇ ਰੀਟਾਇਰ ਹੋ ਜਾਏ, ਤਾਂ ਉਹ ਨੀਅਤ ਉਮਰ ਨੂੰ ਪਹੁੰਚ ਕੇ ਬਿਰਧ-ਆਯੂ ਦੀ ਪਿਨਸ਼ਨ ਲੈਣ ਦਾ ਹਕਦਾਰ ਹੋ ਜਾਂਦਾ ਹੈ।

ਦਫ਼ਾ 17. ਬਿਰਧ-ਆਯੂ ਦੀਆਂ ਪਿਨਸ਼ਨਾਂ ਉਮਰ ਵਾਰਸਿਕੀ ਹਨ ਅਤੇ ਇਹ ਸਰੀਰਕ ਯੋਗਤਾ ਦੀ ਬਿਨਾਂ ਕਿਸੇ ਸ਼ਰਤ ਦੇ ਦਿਤੀਆਂ ਜਾਂਦੀਆਂ ਹਨ।

III. ਨਿਰਯੋਗਤਾ ਦੀਆਂ ਪਿਨਸ਼ਨਾਂ

ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮਿਆਂ ਲਈ

ਦਫ਼ਾ 18. ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ ਨਿਰਯੋਗਤਾ—ਸਦੀਵੀ ਜਾਂ ਲੰਮੇ ਸਮੇਂ ਲਈ—ਦੀ ਹਾਲਤ ਵਿਚ ਨਿਰਯੋਗਤਾ ਦੀ ਪਿਨਸ਼ਨ ਲੈਣ ਦੇ ਹਕਦਾਰ ਹਨ।

ਨਿਰਯੋਗਤਾ ਦੀਆਂ ਪਿਨਸ਼ਨਾਂ ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮਿਆਂ ਨੂੰ ਦਿਤੀਆਂ ਜਾਂਦੀਆਂ ਹਨ, ਬਿਨਾਂ ਇਸ ਵਿਚਾਰ ਦੇ ਕਿ ਉਹ ਕਦ ਨਿਰਯੋਗ ਹੁੰਦੇ ਹਨ : ਭਾਵੇਂ ਉਹ ਕੰਮ ਦੇ ਦੌਰਾਨ ਵਿਚ, ਜਾਂ ਕੰਮ ਤੋਂ ਪਹਿਲਾਂ ਅਤੇ ਜਾਂ ਰੀਟਾਇਰ ਹੋਣ ਤੋਂ ਪਿਛੋਂ ਨਿਰਯੋਗ ਹੋਣ!

ਦਫ਼ਾ 19. ਨਿਰਯੋਗਤਾ ਦੀ ਅਵੱਸਥਾ ਦੇ ਅਧਾਰ ਤੇ ਨਿਰਯੋਗ ਕਾਮਿਆਂ ਨੂੰ ਤਿੰਨਾ ਦਰਜਿਆਂ ਵਿਚ ਵੰਡਿਆ ਗਿਆ ਹੈ।

ਨਿਰਯੋਗਤਾ ਦੇ ਦਰਜਿਆਂ ਦਾ ਫੈਸਲਾ, ਸੋਵੀਅਤ ਯੂਨੀਅਨ ਦੀ ਵਜ਼ੀਰ ਕੌਂਸਲ ਵਲੋਂ ਕਾਇਮ ਕੀਤੇ ਗਏ ਨੇਮ ਅਨੁਸਾਰ, ਡਾਕਟਰੀ-ਕ੍ਰਿਤ ਦੇ ਮਾਹਿਰ ਕਮਿਸ਼ਨਾਂ ਵਲੋਂ ਕੀਤਾ ਜਾਂਦਾ ਹੈ।

ਦਫ਼ਾ 20. ਨਿਰਯੋਗਤਾ ਦੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ, ਜੇਕਰ ਕਾਮੇ ਵਿਚ ਕੰਮ ਕਰਨ ਦੀ ਯੋਗਤਾ ਨ ਰਵ੍ਹੇ :

(ੳ) ਸਨਅਤੀ ਹਾਦਸੇ ਕਾਰਨ ਜਾਂ ਵਿਰਤਕ ਬੀਮਾਰੀ ਕਾਰਨ;

(ਅ) ਆਮ ਬੀਮਾਰੀ ਕਾਰਨ।

ਕੰਮ ਤੋਂ ਲਾਂਭੇ, ਹਾਦਸੇ ਕਾਰਨ ਨਿਰਯੋਗ ਹੋ ਜਾਣ ਦੀ ਹਾਲਤ ਵਿਚ, ਆਮ ਬੀਮਾਰੀ ਦੀ ਮਦ ਵਾਲੀ, ਨਿਰਯੋਗਤਾ ਦੀ ਪਿਨਸ਼ਨ ਦੇ ਦਿਤੀ ਜਾਂਦੀ ਹੈ।

ਦਫ਼ਾ 21. ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ, ਸਨਅਤੀ ਹਾਦਸੇ ਅਤੇ ਜਾਂ ਵਿਰਤਕ ਬੀਮਾਰੀ ਨਾਲ, ਨਿਰਯੋਗ ਹੋ ਜਾਣ ਦੀ ਅਵੱਸਥਾ ਵਿਚ, ਬਿਨਾਂ ਨੌਕਰੀ ਦੇ ਸਮੇਂ ਦੀ ਕਿਸੇ ਸ਼ਰਤ ਤੋਂ, ਨਿਰਯੋਗਤਾ ਦੀ ਪਿਨਸ਼ਨ ਪਾਣ ਦੇ ਹਕਦਾਰ ਹੋ ਜਾਂਦੇ ਹਨ।

ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ, ਆਮ ਬੀਮਾਰੀ ਕਾਰਨ ਨਿਰਯੋਗ ਹੋ ਜਾਣ ਦੀ ਅਵੱਸਥਾ ਵਿਚ, ਪਿਨਸ਼ਨ ਦੇ ਹਕਦਾਰ ਹੁੰਦੇ

ਹਨ, ਜੇਕਰ ਪਿਨਸ਼ਨ ਦੀ ਅਰਜ਼ੀ ਦੇਣ ਸਮੇਂ, ਉਹਨਾਂ ਦੀ ਨੌਕਰੀ ਦਾ ਸਮਾਂ ਇਸ ਪਰਕਾਰ ਹੋਵੇ :

ਉਮਰ	ਨੌਕਰੀ ਦਾ ਸਮਾਂ (ਸਾਲਾਂ ਵਿਚ)		
	ਪੁਰਸ਼	ਇਸਤਰੀਆਂ	ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮੇ, ਜੋ ਜ਼ਿਮੀਂਦੋਜ਼ ਕੰਮਾਂ ਤੇ, ਹਾਨੀਕਾਰਕ ਕੰਮ-ਹਾਲਤਾਂ ਵਾਲੇ ਕੰਮਾਂ ਤੇ ਅਤੇ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ. ਕੰਮੀਂ ਲਗੇ ਹੋਏ ਹਨ ।
20 ਤੋਂ 23 ਤਕ	2	1	1
23 ਤੋਂ 26 ਤਕ	3	2	2
26 ਤੋਂ 31 ਤਕ	5	3	3
31 ਤੋਂ 36 ਤਕ	7	5	5
36 ਤੋਂ 41 ਤਕ	10	7	6
41 ਤੋਂ 46 ਤਕ	12	9	7
46 ਤੋਂ 51 ਤਕ	14	11	8
51 ਤੋਂ 56 ਤਕ	16	13	10
56 ਤੋਂ 61 ਤਕ	18	14	12
61 ਤੋਂ ਉਪਰ	20	15	14

ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ 20 ਸਾਲ ਤੋਂ ਛੋਟੀ ਉਮਰ ਦੇ ਕਾਮੇ ਆਮ ਬੀਮਾਰੀ ਕਾਰਨ, ਨਿਰਯੋਗ ਹੋਣ ਦੀ ਅਵੱਸਥਾ ਵਿਚ ਪਿਨਸ਼ਨ ਦੇ ਹਕਦਾਰ ਹਨ ।

(ੳ) ਜੇਕਰ ਨਿਰਯੋਗਤਾ ਕੰਮ ਦੇ ਦੌਰਾਨ ਵਿਚ ਜਾਂ ਕੰਮ ਦੇ ਪਿਛੋਂ ਪੈਦਾ ਹੋਈ ਹੋਵੇ, ਬਿਨਾਂ ਨੌਕਰੀ ਦੇ ਸਮੇਂ ਦੀ ਕਿਸੇ ਸ਼ਰਤ ਦੇ ;

(ਅ) ਜੇਕਰ ਨਿਰਯੋਗਤਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪੈਦਾ ਹੋ ਚੁਕੀ ਹੋਵੇ, ਐਪਰ ਕੰਮ ਕਰਦਿਆਂ ਘਟੋ ਘਟ ਇਕ ਸਾਲ ਹੋ ਗਿਆ ਹੋਵੇ।

ਦਫ਼ਾ 22. ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮਿਆਂ ਨੂੰ, ਸਨਅਤੀ ਹਾਦਸੇ ਅਤੇ ਜਾਂ ਵਿਰਤਕ ਬੀਮਾਰੀ ਕਾਰਨ ਹੋਈ ਨਿਰਯੋਗਤਾ ਦੀਆਂ ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ।

(ੳ) ਪਹਿਲੇ ਦਰਜੇ ਦੀ ਨਿਰਯੋਗਤਾ 500 ਰੂਬਲ ਮਾਹਵਾਰ ਤਨਖ਼ਾਹ ਤਕ, ਤਨਖ਼ਾਹ ਦਾ 100 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ;

(ਅ) ਦੂਸਰੇ ਦਰਜੇ ਦੀ ਨਿਰਯੋਗਤਾ—450 ਰੂਬਲ ਮਾਹਵਾਰ ਤਨਖ਼ਾਹ ਤਕ, ਤਨਖ਼ਾਹ ਦਾ 90 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ;

(ੲ) ਤੀਸਰੇ ਦਰਜੇ ਦੀ ਨਿਰਯੋਗਤਾ—400 ਰੂਬਲ ਮਾਹਵਾਰ ਤਨਖ਼ਾਹ ਤਕ, ਤਨਖ਼ਾਹ ਦਾ 65 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖਾਹ ਦਾ 10 ਫ਼ੀ ਸਦੀ ਹੋਰ।

ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਨੂੰ, ਜੋ ਜ਼ਿਮੀਂਦੋਜ਼ ਕੰਮਾਂ ਤੇ, ਹਾਨੀਕਾਰਕ ਕੰਮ-ਹਾਲਤਾਂ ਵਾਲੇ ਕੰਮਾਂ ਤੇ, ਅਤੇ ਜਾਂ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਲਗੇ ਹੋਏ ਹਨ, ਸਨਅਤੀ ਹਾਦਸੇ ਅਤੇ ਜਾਂ ਵਿਰਤਕ ਬੀਮਾਰੀ ਕਾਰਨ ਹੋਈ ਨਿਰਯੋਗਤਾ ਲਈ, ਸੁਖਾਂਵੀਆਂ ਸ਼ਰਤਾਂ ਤੇ, ਨਿਰਯੋਗਤਾ ਦੀਆਂ ਪਿਨਸ਼ਨਾਂ ਇਸ ਪ੍ਰਕਾਰ ਦਿਤੀਆਂ ਜਾਦੀਆਂ ਹਨ :

ਪਹਿਲੇ	ਦਰਜੇ ਦੀ	ਨਿਰਯੋਗਤਾ	100	ਫ਼ੀ ਸਦੀ
ਦੂਸਰੇ	,,	,,	90	,,
ਤੀਸਰੇ	,,	,,	65	,,

600 ਰੂਬਲ ਮਾਹਵਾਰ ਤਨਖ਼ਾਹ ਤਕ, ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 20 ਫ਼ੀ ਸਦੀ ਹੋਰ।

ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਨੂੰ, ਜੋ ਕਠਨ ਮਿਹਨਤ ਵਾਲੇ ਕੰਮਾਂ ਤੇ ਲਗੇ ਹੋਏ ਹਨ, ਸਨਅਤੀ ਹਾਦਸੇ ਅਤੇ ਜਾਂ ਵਿਰਤਕ ਬੀਮਾਰੀ ਕਾਰਣ ਹੋਈ ਨਿਰਯੋਗਤਾ ਲਈ, ਸੁਖਾਵੀਆਂ ਸ਼ਰਤਾਂ

ਤੇ, ਨਿਰਯੋਗਤਾ ਦੀਆਂ ਪਿਨਸ਼ਨਾਂ ਇਸ ਪ੍ਰਕਾਰ ਦਿਤੀਆਂ ਜਾਂਦੀਆਂ ਹਨ.

ਪਹਿਲੇ ਦਰਜੇ ਦੀ ਨਿਰਯੋਗਤਾ	100 ਫ਼ੀ ਸਦੀ	500 ਰੂਬਲ ਮਾਹਵਾਰ ਤਨਖ਼ਾਹ ਤਕ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 15 ਫ਼ੀ ਸਦੀ ਹੋਰ।
ਦੂਸਰੇ ,, ,,	90 ,,	
ਤੀਸਰੇ ,, ,,	65 ,,	

ਘਟੋ ਘਟ ਪਿਨਸ਼ਨਾਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	--	360 ਰੂਬਲ ਮਾਹਵਾਰ
ਦੂਸਰੇ ,, ,,	—	285 ,, ,,
ਤੀਸਰੇ ,, ,,	—	210 ,, ,,

ਵਧ ਤੋਂ ਵਧ ਪਿਨਸ਼ਨਾਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	—	1200 ਰੂਬਲ ਮਾਹਵਾਰ
ਦੂਸਰੇ ,, ,,	—	900 ,, ,,
ਤੀਸਰੇ ,, ,,	—	450 ,, ,,

ਦਫ਼ਾ 23. ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮਿਆਂ ਨੂੰ, ਆਮ ਬੀਮਾਰੀ ਨਾਲ ਪੈਦਾ ਹੋਈ ਨਿਰਯੋਗਤਾ ਲਈ ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ।

(ੳ) ਪਹਿਲੇ ਦਰਜੇ ਦੀ ਨਿਰਯੋਗਤਾ—500 ਰੂਬਲ ਮਾਹਵਾਰ ਤਨਖ਼ਾਹ ਤਕ, 85 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ;

(ਅ) ਦੂਸਰੇ ਦਰਜੇ ਦੀ ਨਿਰਯੋਗਤਾ—450 ਰੂਬਲ ਮਾਹਵਾਰ ਤਨਖ਼ਾਹ ਤਕ, 65 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ, ਬਾਕੀ ਤਨਖ਼ਾਹ ਦਾ 10 ਫ਼ੀ ਸਦੀ ਹੋਰ;

(ੲ) ਤੀਸਰੇ ਦਰਜੇ ਦੀ ਨਿਰਯੋਗਤਾ—400 ਰੂਬਲ ਮਾਹਵਾਰ ਤਨਖ਼ਾਹ ਤਕ 45 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ।

ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਨੂੰ, ਜੋ ਜ਼ਿਮੀਂਦੋਜ਼ ਕੰਮਾਂ ਤੇ, ਹਾਨੀਕਾਰਕ ਕੰਮ-ਹਾਲਤਾਂ ਵਾਲੇ ਕੰਮਾਂ ਤੇ, ਅਤੇ ਜਾਂ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਲਗੇ ਹੋਏ ਹਨ, ਆਮ ਬੀਮਾਰੀ

ਕਾਰਨ ਹੋਈ ਨਿਰਯੋਗਤਾ ਲਈ, ਸੁਖਾਵੀਆਂ ਸ਼ਰਤਾਂ ਤੇ, ਨਿਰਯੋਗਤਾ ਦੀਆਂ ਪਿਨਸ਼ਨਾਂ ਇਸ ਪ੍ਰਕਾਰ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	85 ਫ਼ੀ ਸਦੀ	600 ਰੂਬਲ ਮਾਹਵਾਰ ਤਨਖ਼ਾਹ ਤਕ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 20 ਫ਼ੀ ਸਦੀ ਹੋਰ;
ਦੂਸਰੇ ,, ,,	65 ਫ਼ੀ ਸਦੀ	
ਤੀਸਰੇ ,, ,,	45 ਫ਼ੀ ਸਦੀ	

ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਨੂੰ, ਜੋ ਕਠਨ ਮਿਹਨਤ ਵਾਲੇ ਕੰਮਾਂ ਤੇ ਲਗੇ ਹੋਏ ਹਨ, ਆਮ ਬੀਮਾਰੀ ਕਾਰਨ ਹੋਈ ਨਿਰਯੋਗਤਾ ਲਈ, ਸੁਖਾਵੀਆਂ ਸ਼ਰਤਾਂ ਤੇ, ਨਿਰਯੋਗਤਾ ਦੀਆਂ ਪਿਨਸ਼ਨਾਂ ਇਸ ਪਰਕਾਰ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	85 ਫ਼ੀ ਸਦੀ	500 ਰੂਬਲ ਮਾਹਵਾਰ ਤਨਖ਼ਾਹ ਤਕ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 15 ਫ਼ੀ ਸਦੀ ਹੋਰ।
ਦੂਸਰੇ ,, ,,	65 ਫੀ ਸਦੀ	
ਤੀਸਰੇ ,, ,,	45 ਫ਼ੀ ਸਦੀ	

ਘਟੋ ਘਟ ਪਿਨਸ਼ਨਾਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	—	300	ਰੂਬਲ	ਮਾਹਵਾਰ
ਦੂਸਰੇ ,, ,,	—	230	,,	,,
ਤੀਸਰੇ ,, ,,	—	160	,,	,,

ਵਧ ਤੋਂ ਵਧ ਪਿਨਸ਼ਨਾਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	—	900	ਰੂਬਲ	ਮਾਹਵਾਰ
ਦੂਸਰੇ ,, ,,	—	600	,,	,,
ਤੀਸਰੇ ,, ,,	—	400	,,	,,

ਕਾਰਖ਼ਾਨੇ, ਦਫ਼ਤਰ ਅਤੇ ਹੋਰ ਕਿਸੇ ਥਾਂ ਦਾ ਕਾਮਾ ਆਮ ਬੀਮਾਰੀ ਨਾਲ ਪੈਦਾ ਹੋਈ ਨਿਰਯੋਗਤਾ ਦੀ ਅਵੱਸਥਾ ਵਿਚ, ਸੁਖਾਵੀਆਂ ਸ਼ਰਤਾਂ ਤੇ ਨਿਰਯੋਗਤਾ ਦੀ ਪਿਨਸ਼ਨ ਲੈਣ ਦਾ ਹਕਦਾਰ ਹੈ, ਜੇਕਰ ਇਸ ਪਰਕਾਰ ਦੀ ਪਿਨਸ਼ਨ ਲਈ ਨੀਅਤ ਕੀਤੇ ਗਏ ਸਮੇਂ ਦਾ ਘਟੋ ਘਟ ਅਧ, ਉਸ ਉਹ ਕੰਮ ਕਰਦਿਆਂ ਬਿਤਾਇਆ ਹੋਵੇ, ਜੋ ਉਸ ਨੂੰ, ਸੁਖਾਵੀਆਂ ਸ਼ਰਤਾਂ ਤੇ, ਇਹ

ਪਿਨਸ਼ਨ ਲੈਣ ਦਾ ਹਕਦਾਰ ਬਣਾਂਦਾ ਹੋਵੇ (ਬਿਨਾਂ ਕੰਮ ਦੀ ਅਖੀਰਲੀ ਥਾਂ ਦੀ ਕਿਸੇ ਸ਼ਰਤ ਦੇ)

ਦਫ਼ਾ 24. ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਨੂੰ ਵੀ, ਜੋ ਪਿਨਸ਼ਨ ਪਾਣ ਲਈ ਨੀਅਤ ਕੀਤੇ ਗਏ ਨੌਕਰੀ ਦੇ ਸਮੇਂ ਨੂੰ ਪੂਰਾ ਕਰਨ ਤੋਂ ਪਹਿਲਾਂ ਹੀ, ਪਹਿਲੇ ਜਾਂ ਦੂਸਰੇ ਦਰਜੇ ਦੇ ਰੋਗੀ ਬਣ ਜਾਂਦੇ ਹਨ, ਉਹਨਾਂ ਦੀ ਨੌਕਰੀ ਦੇ ਸਮੇਂ ਅਨੁਸਾਰ, ਪਿਨਸ਼ਨ ਦਿਤੀ ਜਾਂਦੀ ਹੈ। ਇਹ ਪਿਨਸ਼ਨ ਉਹਨਾਂ ਦੀ ਕੁਲ ਪਿਨਸ਼ਨ ਦੇ ਇਕ ਚੌਥਾਈ ਨਾਲੋਂ ਘਟ ਨਹੀਂ ਹੁੰਦੀ।

ਦਫ਼ਾ 25. ਨਿਰਯੋਗਤਾ ਦੀਆਂ ਪਿਨਸ਼ਨਾਂ ਵਿਚ ਹੇਠ ਲਿਖੇ ਵਾਧੇ ਦਿਤੇ ਜਾ ਸਕਦੇ ਹਨ (ਵਧ ਤੋਂ ਵਧ ਪਿਨਸ਼ਨ ਦੀਆਂ ਹਦਾਂ ਦੇ ਅੰਦਰ ਅੰਦਰ):

(ੳ) ਪਹਿਲੇ ਤੇ ਦੂਸਰੇ ਦਰਜੇ ਦੇ ਰੋਗੀਆਂ ਨੂੰ (ਆਮ ਬੀਮਾਰੀ ਕਾਰਨ) ਨਿਰਵਿਘਨ ਨੌਕਰੀ ਲਈ :

10 ਤੋਂ 15 ਸਾਲ—ਪਿਨਸ਼ਨ ਦਾ 10 ਫ਼ੀ ਸਦੀ
15 ਤੋਂ ਉਪ੍ਰੰਤ — „ „ 15 „ „

(ਅ) ਪਹਿਲੇ ਤੇ ਦੂਸਰੇ ਦਰਜੇ ਦੇ, ਕੰਮੀਂ ਨ ਲਗੇ ਰੋਗੀਆਂ ਨੂੰ (ਨਿਰਯੋਗਤਾ ਦੇ ਕਾਰਨ ਦੀ ਕਿਸੇ ਸ਼ਰਤ ਤੋਂ ਬਿਨਾਂ)

ਇਕ ਆਸ੍ਰਿਤ ਲਈ — ਪਿਨਸ਼ਨ ਦਾ 10 ਫ਼ੀ ਸਦੀ
ਦੋ ਜਾਂ ਦੋ ਤੋਂ ਵਧੀਕ
ਆਸ੍ਰਿਤਾਂ ਲਈ — ਪਿਨਸ਼ਨ ਦਾ 15 ਫ਼ੀ ਸਦੀ

(ੲ) ਪਹਿਲੇ ਦਰਜੇ ਦੇ ਰੋਗੀਆਂ ਨੂੰ (ਨਿਰਯੋਗਤਾ ਦੇ ਕਾਰਨ ਦੀ ਕਿਸੇ ਸ਼ਰਤ ਤੋਂ ਬਿਨਾਂ)—ਪਿਨਸ਼ਨ ਦਾ 15 ਫ਼ੀ ਸਦੀ, ਨਰਸਿੰਗ ਅਲਾਊਂਸ। ਆਮ ਬੀਮਾਰੀ ਵਾਲੇ ਪਹਿਲੇ ਦਰਜੇ ਦੇ ਰੋਗੀਆਂ ਦੀਆਂ ਪਿਨਸ਼ਨਾਂ ਵਿਚ ਕੀਤੇ ਇਹ ਵਾਧੇ, ਕੁਲ ਪਿਨਸ਼ਨ ਦੇ 30 ਫ਼ੀ ਸਦੀ ਨਾਲੋਂ ਵਧਣੇ ਨਹੀਂ ਚਾਹੀਦੇ।

ਦਫ਼ਾ 26. ਨਿਰਯੋਗ ਕਾਮਿਆਂ ਨੂੰ—ਪੁਰਸ਼, 60 ਸਾਲ ਦੀ ਉਮਰ ਟਪਣ ਤੇ, ਅਤੇ ਇਸਤਰੀਆਂ 55 ਸਾਲ ਦੀ—ਉਮਰ ਭਰ ਲਈ ਨਿਰਯੋਗਤਾ ਦੀਆਂ ਪਿਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਅਜਿਹੇ ਨਿਰਯੋਗ ਕਾਮਿਆਂ ਦਾ ਦੋਬਾਰਾ ਮੁਆਇਨਾਂ ਉਹਨਾਂ ਦੀ ਅਰਜ਼ੀ ਆਣ ਤੇ ਹੀ ਕੀਤਾ

ਜਾਂਦਾ ਹੈ। ਦੂਸਰ ਨਿਰਯੋਗ ਕਾਮਿਆਂ ਨੂੰ ਨਿਰਯੋਗਤਾ ਦੀ ਪਿਨਸ਼ਨ ਉਦੋਂ ਤਕ ਮਿਲਦੀ ਹੈ, ਜਦ ਤਕ ਉਹ ਕੰਮ ਕਰਨ ਦੇ ਨਿਰਯੋਗ ਰਹਿੰਦੇ ਹਨ।

ਦਫ਼ਾ 27. ਪਹਿਲੇ ਤੇ ਦੂਸਰੇ ਦਰਜੇ ਦੇ ਉਹਨਾਂ ਰੋਗੀਆਂ ਨੂੰ ਵੀ, ਜਿਨ੍ਹਾਂ ਕੋਲ ਆਮਦਨ ਦਾ ਕੋਈ ਹੋਰ ਵਸੀਲਾ ਹੁੰਦਾ ਹੈ, ਪੂਰੀ ਪਿਨਸ਼ਨ ਦਿਤੀ ਜਾਂਦੀ ਹੈ, ਬਿਨਾਂ ਉਹਨਾਂ ਦੀ ਆਮਦਨ ਦਾ ਕੋਈ ਖਿਆਲ ਕੀਤਿਆਂ।

ਤੀਸਰੇ ਦਰਜੇ ਦੇ, ਕੰਮ ਲਗੇ ਰੋਗੀ ਨੂੰ ਉਤਨੀ ਪਿਨਸ਼ਨ ਦਿਤੀ ਜਾਂਦੀ ਹੈ, ਜਿਤਨੀ ਉਸ ਦੀ ਮੌਜੂਦਾ ਤਨਖ਼ਾਹ ਵਿਚ ਪੈ ਕੇ, ਉਸ ਦੀ ਪਹਿਲੀ ਤਨਖ਼ਾਹ ਨਾਲੋਂ ਵਧੀਕ ਨ ਹੋ ਜਾਏ। ਇਹ ਪਿਨਸ਼ਨ, ਉਸ ਦੀ ਕੁਲ ਪਿਨਸ਼ਨ ਦੇ 50 ਫ਼ੀ ਸਦੀ ਨਾਲੋਂ ਕਦੀ ਵੀ ਘਟ ਨਹੀਂ ਹੁੰਦੀ।

IV. ਕਾਰਖ਼ਾਨਿਆਂ, ਦਫ਼ਤਰਾਂ ਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਦਿਆਂ ਟਬਰਾਂ ਨੂੰ ਪਿਨਸ਼ਨਾਂ, ਜਿਨ੍ਹਾਂ ਦੇ ਕਮਾਊ-ਜੀਅ ਸੁਰਗਵਾਸ ਹੋ ਜਾਣ।

ਦਫ਼ਾ 28. ਕਾਰਖ਼ਾਨਿਆਂ, ਦਫ਼ਤਰਾਂ ਅਤੇ ਹੋਰਨਾਂ ਥਾਵਾਂ ਦੇ ਕਾਮਿਆਂ ਦੇ ਆਸ੍ਰਿਤ ਪਿਨਸ਼ਨ ਦੇ ਹਕਦਾਰ ਹਨ, ਜੇਕਰ ਉਹ ਕੰਮ ਕਰਨ ਦੇ ਯੋਗ ਨ ਹੋਣ ਅਤੇ ਜੇਕਰ ਟਬਰ ਦੇ ਕਮਾਊ-ਜੀਅ ਦੀ ਮੌਤ ਹੋ ਗਈ ਹੋਵੇ।

ਆਸ੍ਰਿਤ, ਜੋ ਕੰਮ ਕਰਨ ਦੇ ਯੋਗ ਨਹੀਂ:

(ੳ) 16 ਸਾਲ ਤੋਂ ਥਲੇ ਬੱਚੇ, ਭਰਾ, ਭੈਣਾਂ, ਪੋਤਰੇ, ਪੋਤਰੀਆਂ (ਸਕੂਲ ਜਾਣ ਵਾਲੇ ਬੱਚੇ, 18 ਸਾਲ ਤੋਂ ਥਲੇ), ਜਾਂ, ਇਸ ਤੋਂ ਵਡੇਰੀ ਉਮਰ ਦੇ ਜੀਅ, ਜੇਕਰ ਉਹ 16 ਸਾਲ ਦੀ ਉਮਰ ਨੂੰ ਪਹੁੰਚਣ ਤੋਂ ਪਹਿਲਾਂ ਰੋਗੀ ਹੋ ਗਏ ਹੋਣ (ਸਕੂਲ ਜਾਣ ਵਾਲੇ ਬਚੇ-18 ਸਾਲ ਦੀ ਉਮਰ ਨੂੰ ਪਹੁੰਚਣ ਤੋਂ ਪਹਿਲਾਂ); ਭਰਾ, ਭੈਣਾਂ, ਪੋਤਰੇ ਪੋਤਰੀਆਂ, ਜੇਕਰ ਉਹਨਾਂ ਦੇ ਮਾਪੇ ਸਰੀਰਕ ਤੌਰ ਤੇ ਰੋਗੀ ਹਨ;

(ਅ) ਪਿਤਾ, ਮਾਤਾ, ਪਤਨੀ, ਪਤੀ, ਜੇਕਰ ਉਹ ਬਿਰਧ ਹੋਣ; ਪੁਰਸ਼-60 ਸਾਲ, ਇਸਤਰੀਆਂ-55 ਸਾਲ, ਅਤੇ ਜਾਂ ਉਹ ਰੋਗੀ ਹੋਣ;

(ੲ) ਮਾਪਿਆਂ 'ਚੋਂ ਇਕ ਜੀਅ, ਅਤੇ, ਜਾਂ ਜੀਵਨ–ਸਾਥੀ (ਪਤੀ ਜਾਂ ਪਤਨੀ), ਉਮਰ ਜਾਂ ਕੰਮ ਦੀ ਯੋਗਤਾ ਦੀ ਬਿਨਾਂ ਕਿਸੇ ਸ਼ਰਤ ਦੇ, ਜੇਕਰ ਉਹ ਸੁਰਗਵਾਸੀ ਕਮਾਊ–ਜੀਅ ਦੇ 8 ਸਾਲ ਤੋਂ ਛੋਟੇ ਬਚਿਆਂ, ਭਰਾਵਾਂ, ਭੈਣਾਂ, ਪੋਤਰੇ ਪੋਤਰੀਆਂ ਦੀ ਦੇਖ ਭਾਲ ਕਰ ਰਿਹਾ ਹੋਵੇ ਅਤੇ ਆਪੀਂ ਕੋਈ ਕੰਮ ਨ ਕਰਦਾ ਹੋਵੇ;

(ਸ) ਦਾਦਾ ਅਤੇ ਦਾਦੀ, ਜੇਕਰ ਕਨੂੰਨਨ ਉਹਨਾਂ ਦੀ ਪਾਲਣਾ ਕਰਨ ਵਾਲਾ ਕੋਈ ਹੋਰ ਨ ਹੋਵੇ। ਕੰਮ ਦੇ ਨਿਰਯੋਗ, ਬੱਚੇ ਜਾਂ ਮਾਪੇ ਵੀ, ਜੋ ਸੁਰਗਵਾਸੀ ਦੇ ਆਸ੍ਰਿਤ ਨਹੀਂ ਸਨ, ਉਸ ਦੀ ਮੌਤ ਤੇ ਪਿਨਸ਼ਨ ਦੇ ਹਕਦਾਰ ਹੋ ਜਾਂਦੇ ਹਨ, ਜੇਕਰ, ਬਾਅਦ ਵਿਚ, ਉਹਨਾਂ ਦੇ ਪੋਖਣ ਦਾ ਕੋਈ ਹੋਰ ਵਸੀਲਾ ਨ ਰਵ੍ਹੇ।

ਦਫ਼ਾ 29. ਬਚੇ, ਜੋ ਆਪਣੇ ਮਾਂ ਤੇ ਬਾਪ, ਦੋਵਾਂ ਤੇ ਨਿਰਭਰ ਹੁੰਦੇ ਹਨ, ਇਕ ਦੀ ਮੌਤ ਹੋ ਜਾਣ ਤੇ, ਪਿਨਸ਼ਨ ਦੇ ਹਕਦਾਰ ਹੋ ਜਾਂਦੇ ਹਨ, ਭਾਵੇਂ ਦੂਸਰਾ ਜੀਅ ਕੰਮ ਤੇ ਲਗਾ ਹੋਇਆ ਹੀ ਹੋਵੇ।

ਦਫ਼ਾ 30. ਸਕੂਲਾਂ ਵਿਚ ਪੜ੍ਹ ਰਹੇ ਬਚਿਆਂ, ਭਰਾਵਾਂ, ਭੈਣਾਂ, ਪਤਰੇ ਅਤੇ ਪੋਤਰੀਆਂ ਨੂੰ ਪਿਨਸ਼ਨ ਮਿਲਦੀ ਹੈ, ਭਾਵੇਂ ਉਹ ਕੋਈ ਵਜ਼ੀਫਾ ਵੀ ਲੈ ਰਹੇ ਹੋਣ।

ਦਫ਼ਾ 31. ਮਾਪੇ ਪਿਨਸ਼ਨ ਦੇ ਹਕਦਾਰ ਹਨ, ਬਿਨਾਂ ਇਸ ਵਿਚਾਰ ਦੇ ਕਿ ਉਹ ਕਦ, ਕਮਾਊ-ਜੀਅ ਦੀ ਮੌਤ ਤੋਂ ਪਹਿਲਾਂ ਜਾਂ ਪਿਛੋਂ, ਬਿਰਧ ਅਵੱਸਥਾ ਨੂੰ ਪਹੁੰਚੇ ਜਾਂ ਰੋਗੀ ਹੋਏ।

ਸੁਰਗਵਾਸੀ ਦਾ ਜੀਵਨ-ਸਾਥੀ (ਪਤਨੀ ਜਾਂ ਪਤੀ) ਪਿਨਸ਼ਨ ਦਾ ਹਕਦਾਰ ਹੈ, ਜੇਕਰ ਉਹ ਕਮਾਊ-ਜੀਅ ਦੀ ਮੌਤ ਤੋਂ ਪਹਿਲਾਂ, ਜਾਂ ਪੰਜ ਸਾਲ ਬਾਅਦ ਤਕ, ਬਿਰਧ ਆਯੂ ਨੂੰ ਪਹੁੰਚ ਜਾਏ ਅਤੇ ਜਾਂ ਰੋਗੀ ਹੋ ਜਾਏ। ਜੇਕਰ ਬਾਲਗ਼ ਬਚੇ ਨ ਹੋਣ, ਤਾਂ ਸੁਰਗਵਾਸੀ ਦੇ ਜੀਵਨ-ਸਾਥੀ ਨੂੰ, ਬਿਨਾਂ ਇਸ ਵਿਚਾਰ ਦੇ ਕਿ ਉਹ ਕਦ ਬਿਰਧ ਆਯੂ ਨੂੰ ਪਹੁੰਚਦਾ ਹੈ ਅਤੇ ਕਦ ਰੋਗੀ ਹੁੰਦਾ ਹੈ; ਪਿਨਸ਼ਨ ਦੇ ਦਿਤੀ ਜਾਂਦੀ ਹੈ।

ਦਫ਼ਾ 32. ਮੁਤਬੰਨਾ ਬਣਾਨ ਵਾਲੇ ਮਾਪਿਆਂ ਨੂੰ, ਦੂਸਰੇ ਮਾਪਿਆਂ ਵਾਂਗ ਹੀ ਪਿਨਸ਼ਨ ਦਾ ਅਧਿਕਾਰ ਹੈ, ਅਤੇ ਮੁਤਬੰਨਾ ਬਣਾਏ ਗਏ ਬਚਿਆਂ ਨੂੰ ਵੀ ਦੂਸਰੇ ਬਚਿਆਂ ਵਾਂਗ ਹੀ ਪਿਨਸ਼ਨ ਦਾ ਅਧਿਕਾਰ ਹੈ।

ਕਮਾਊ-ਜੀਅ ਦੀ ਮੌਤ ਹੋ ਜਾਣ ਤੇ, ਪਿਨਸ਼ਨ ਦੇ ਹਕਦਾਰ ਨਾਬਾਲਗ ਬਚਿਆਂ ਕੋਲ ਇਹ ਹਕ ਰਹਿੰਦਾ ਹੈ, ਭਾਵੇਂ ਉਹਨਾਂ ਨੂੰ ਕਿਸੇ ਨੇ ਗੋਦੀ ਹੀ ਲੈ ਲਿਆ ਹੋਵੇ।

ਦਫ਼ਾ 33. ਕਾਰਖ਼ਾਨੇ, ਦਫ਼ਤਰ ਤੇ ਹੋਰਨਾਂ ਥਾਵਾਂ ਦੇ ਕਾਮਿਆਂ ਨੂੰ ਜਿਨ੍ਹਾਂ ਦੀ ਮੌਤ ਸਨਅਤੀ ਹਾਦਸੇ ਕਾਰਨ, ਜਾਂ ਵਿਰਤਕ ਬਿਮਾਰੀ ਕਾਰਨ ਹੋਈ ਹੋਵੇ, ਇਸ ਪਰਕਾਰ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ, ਬਿਨਾਂ ਇਸ ਵਿਚਾਰ ਦੇ ਕਿ ਕਮਾਊ-ਜੀਅ ਦੀ ਨੌਕਰੀ ਕਿੰਨੇ ਚਿਰ ਦੀ ਸੀ:

(ੳ) ਕੰਮ ਦੇ ਨਿਰਯੋਗ ਤਿੰਨ ਜਾਂ ਵਧੀਕ ਆਸ਼੍ਰਿਤਾਂ ਲਈ-ਸੁਰਗਵਾਸੀ ਦੀ 500 ਰੂਬਲ ਮਾਹਵਾਰ ਤਨਖ਼ਾਹ ਦਾ 100 ਫ਼ੀ ਸਦੀ ਅਤੇ ਇਸ ਤੋਂ ਉਪਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ,

(ਅ) ਕੰਮ ਦੇ ਅਸਮਰਥ ਦੋ ਆਸ਼੍ਰਿਤਾਂ ਲਈ ਸੁਰਗਵਾਸੀ ਦੀ 450 ਰੂਬਲ ਮਾਹਵਾਰ ਤਨਖ਼ਾਹ ਦਾ 90 ਫ਼ੀ ਸਦੀ, ਅਤੇ ਇਸ ਤੋਂ ਉਪਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ;

(ੲ) ਕੰਮ ਦੇ ਅਸਮਰਥ ਇਕ ਆਸ਼੍ਰਿਤ ਲਈ ਸੁਰਗਵਾਸੀ ਦੀ 400 ਰੂਬਲ ਮਾਹਵਾਰ ਤਨਖ਼ਾਹ ਦਾ 65 ਫ਼ੀ ਸਦੀ, ਅਤੇ ਇਸ ਤੋਂ ਉਪਰੰਤ ਬਾਕੀ ਬੀ ਤਨਖ਼ਾਹ ਦਾ 10 ਫ਼ੀ ਸਦੀ ਹੋਰ।

ਕਾਰਖ਼ਾਨੇ, ਦਫ਼ਤਰ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਦੇ ਟਬਰਾਂ ਨੂੰ, ਜਿਹੜੇ ਜ਼ਿਮੀਂਦੋਜ਼ ਕੰਮਾਂ ਤੇ, ਹਾਨੀਕਾਰਕ ਹਾਲਤਾਂ ਵਾਲੇ ਕੰਮਾਂ ਤੇ, ਅਤੇ ਜਾਂ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਕੰਮੀਂ ਲਗੇ ਹੋਏ ਸਨ, ਅਤੇ ਜਿਨਾਂ ਦੀ ਮੌਤ ਸਨਅਤੀ-ਹਾਦਸੇ ਜਾਂ ਵਿਰਤਕ ਬੀਮਾਰੀ ਕਾਰਨ ਹੋਈ ਸੀ, ਹੇਠਲੀਆਂ ਮੁਆਫ਼ਕ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ:

ਕੰਮ ਦੇ ਅਸਮਰਥ ਤਿੰਨ ਜਾਂ ਵਧੀਕ ਆਸ਼੍ਰਿਤਾਂ ਲਈ—100 ਫ਼ੀ ਸਦੀ ਕੰਮ ਦੇ ਅਸਮਰਥ ਦੋ ਆਸ਼੍ਰਿਤਾਂ ਲਈ—90 ਫ਼ੀ ਸਦੀ ਕੰਮ ਦੇ ਅਸਮਰਥ ਇਕ ਆਸ਼੍ਰਿਤ ਲਈ—65 ਫੀ ਸਦੀ	ਕਮਾਊ-ਜੀਅ ਦੀ 600 ਰੂਬਲ ਮਾਹਵਾਰ ਤਨ-ਖ਼ਾਹ ਦਾ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 20 ਫ਼ੀ-ਸਦੀ ਹੋਰ।

ਕਾਰਖ਼ਾਨੇ, ਦਫ਼ਤਰ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਦੇ ਟਬਰਾਂ ਨੂੰ, ਜਿਹੜੇ ਕਠਨ ਹਾਲਤਾਂ ਵਾਲੇ ਕੰਮਾਂ ਤੇ ਲਗੇ ਹੋਏ ਸਨ ਅਤੇ ਜਿਨ੍ਹਾਂ

ਦੀ ਮੌਤ ਸਨਅਤੀ ਹਾਦਸੇ ਜਾਂ ਵਿਰਤਕ ਬੀਮਾਰੀ ਕਾਰਨ ਹਈ ਸੀ
ਹੇਠਲੀਆਂ ਮੁਆਫ਼ਕ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਕੰਮ ਦੇ ਅਸਮਰਥ ਤਿੰਨ ਜਾਂ ਵਧੀਕ ਆਸ੍ਰਿਤਾਂ ਲਈ—100 ਫ਼ੀ ਸਦੀ ਕੰਮ ਦੇ ਅਸਮਰਥ ਦੋ ਆਸ੍ਰਿਤਾਂ ਲਈ—90 ਫ਼ੀ ਸਦੀ ਕੰਮ ਦੇ ਅਸਮਰਥ ਇਕ ਆਸ੍ਰਿਤ ਲਈ—65 ਫ਼ੀ ਸਦੀ	ਕਮਾਊ-ਜੀਅ ਦੀ 50(0) ਰੂਬਲ ਮਾਹਵਾਰ ਤਨ-ਖ਼ਾਹ ਦਾ, ਅਤੇ ਇਸ ਤੋਂ ਉਪਰੰਤ, ਬਾਕੀ ਦੀ ਤਨਖ਼ਾਹ ਦਾ 15 ਫ਼ੀ ਸਦੀ ਹੋਰ।

ਘਟੋ ਘਟ ਪਿਨਸ਼ਨਾਂ ਹਨ :

ਤਿੰਨ ਜਾਂ ਵਧੀਕ ਆਸ੍ਰਿਤਾਂ ਲਈ—300 ਰੂਬਲ ਮਾਹਵਾਰ
ਦੋ ਆਸ੍ਰਿਤਾਂ ਲਈ —230 ,, ,,
ਇਕ ਆਸ੍ਰਿਤ ਲਈ —160 ,, ,,

ਵਧ ਤੋਂ ਵਧ ਪਿਨਸ਼ਨਾਂ ਹਨ :

ਤਿੰਨ ਜਾਂ ਵਧੀਕ ਆਸ੍ਰਿਤਾਂ ਲਈ—1,200 ਰੂਬਲ ਮਾਹਵਾਰ
ਦੋ ,, ਲਈ— 900 ,, ,,
ਇਕ ਆਸ੍ਰਿਤ ਲਈ— 450 ,, ,,

ਦਫ਼ਾ 34. ਕਾਰਖ਼ਾਨੇ, ਦਫ਼ਤਰ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਦੇ ਟਬਰਾਂ ਨੂੰ, ਜਿੰਨ੍ਹਾਂ ਦੀ ਮੌਤ ਆਮ ਬੀਮਾਰੀ ਕਾਰਨ ਹੋਈ ਹੋਵੇ ਅਤੇ ਜਿਨ੍ਹਾਂ ਨੇ ਨਿਰਯੋਗਤਾ ਦੀ ਪਿਨਸ਼ਨ ਲਈ ਲੋੜੀਂਦੀ ਨੌਕਰੀ ਪੂਰੀ ਕਰ ਲਈ ਹੋਵੇ, ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

(ੳ) ਕੰਮ ਦੇ ਅਸਮਰਥ ਤਿੰਨ ਜਾਂ ਵਧੀਕ ਆਸ੍ਰਿਤਾਂ ਲਈ—ਕਮਾਊ-ਜੀਅ ਦੀ 500 ਰੂਬਲ ਮਾਹਵਾਰ ਤਨਖ਼ਾਹ ਦਾ 85 ਫ਼ੀ ਸਦੀ, ਅਤੇ ਇਸ ਤੋਂ ਉਪਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ;

(ਅ) ਕੰਮ ਦੇ ਅਸਮਰਥ ਦੋ ਆਸ੍ਰਿਤਾਂ ਲਈ—ਕਮਾਊ-ਜੀਅ ਦੀ 450 ਰੂਬਲ ਮਾਹਵਾਰ ਤਨਖ਼ਾਹ ਦਾ 65 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ;

(ੲ) ਕੰਮ ਦੇ ਅਸਮਰਥ ਇਕ ਆਸ੍ਰਿਤ ਲਈ—ਕਮਾਊ-ਜੀਅ ਦੀ 400 ਰੂਬਲ ਮਾਹਵਾਰ ਤਨਖ਼ਾਹ ਦਾ 45 ਫ਼ੀ ਸਦੀ, ਅਤੇ ਇਸ ਤੋਂ ਉਪਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ।

ਕਾਰਖਾਨੇ, ਦਫ਼ਤਰ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਦੇ ਟਬਰਾਂ ਨੂੰ, ਜੋ ਜ਼ਿਮੀਂਦੋਜ ਕੰਮਾਂ ਤੇ, ਹਾਨੀਕਾਰਕ ਹਾਲਤਾਂ ਵਾਲੇ ਕੰਮਾਂ ਤੇ ਅਤੇ ਜਾਂ, ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਕੰਮਾਂ ਤੇ, ਲਗੇ ਹੋਏ ਸਨ, ਅਤੇ ਜਿਨ੍ਹਾਂ ਦੀ ਮੌਤ ਆਮ ਬੀਮਾਰੀ ਕਾਰਨ ਹੋਈ ਸੀ, ਹੇਠ ਲਿਖੀਆਂ ਸੁਖਾਵੀਆਂ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਕੰਮ ਦੇ ਅਸਮਰਥ ਤਿੰਨ ਜਾਂ ਵਧੀਕ ਆਸ਼੍ਰਿਤਾਂ ਲਈ—85 ਫ਼ੀ ਸਦੀ ਕੰਮ ਦੇ ਅਸਮਰਥ ਦੋ ਆਸ਼੍ਰਿਤਾਂ ਲਈ—65 ਫ਼ੀ ਸਦੀ ਕੰਮ ਦੇ ਅਸਮਰਥ ਇਕ ਆਸ਼੍ਰਿਤ ਲਈ—45 ਫ਼ੀ ਸਦੀ	ਕਮਾਊ-ਜੀਅ ਦੀ 600 ਰੂਬਲ ਮਾਹਵਾਰ ਤਨਖ਼ਾਹ ਦਾ, ਅਤੇ ਇਸ ਤੋਂ ਉਪਰੰਤ, ਬਾਕੀ ਦੀ ਤਨਖ਼ਾਹ ਦਾ 20 ਫ਼ੀ-ਸਦੀ ਹੋਰ।

ਕਾਰਖ਼ਾਨੇ, ਦਫ਼ਤਰ ਅਤੇ ਹੋਰਨਾਂ ਥਾਵਾਂ ਦੇ ਉਹਨਾਂ ਕਾਮਿਆਂ ਦੇ ਟੱਬਰਾਂ ਨੂੰ, ਜੋ ਕਠਨ ਹਾਲਤਾਂ ਵਾਲੇ ਕੰਮਾਂ ਤੇ ਲਗੇ ਹੋਏ ਸਨ ਅਤੇ ਜਿਨ੍ਹਾਂ ਦੀ ਮੌਤ ਆਮ ਬੀਮਾਰੀ ਕਾਰਨ ਹੋਈ ਸੀ, ਹੇਠ ਲਿਖੀਆਂ ਸੁਖਾਵੀਆਂ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਕੰਮ ਦੇ ਅਸਮਰਥ ਤਿੰਨ ਜਾਂ ਵਧੀਕ ਆਸ਼੍ਰਿਤਾਂ ਲਈ—85 ਫ਼ੀ ਸਦੀ ਕੰਮ ਦੇ ਅਸਮਰਥ ਦੋ ਆਸ਼੍ਰਿਤਾਂ ਲਈ—65 ਫ਼ੀ ਸਦੀ ਕੰਮ ਦੇ ਅਸਮਰਥ ਇਕ ਆਸ਼੍ਰਿਤ ਲਈ—45 ਫ਼ੀ ਸਦੀ	ਕਮਾਊ-ਜੀਅ ਦੀ 500 ਰੂਬਲ ਮਾਹਵਾਰ ਤਨਖ਼ਾਹ ਦਾ ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 15 ਫ਼ੀ ਸਦੀ ਹੋਰ।

ਘਟੋ ਘਟ ਪਿਨਸ਼ਨਾਂ ਹਨ :

ਤਿੰਨ ਜਾਂ ਵਧੀਕ ਆਸ਼੍ਰਿਤਾਂ ਲਈ—300 ਰੂਬਲ ਮਾਹਵਾਰ
ਦੋ ,, ,, —230 ਰੂਬਲ ਮਾਹਵਾਰ
ਇਕ ਆਸ਼੍ਰਿਤ ,, —160 ਰੂਬਲ ਮਾਹਵਾਰ

ਵਧ ਤੋਂ ਵਧ ਪਿਨਸ਼ਨਾਂ ਹਨ :

ਤਿੰਨ ਜਾਂ ਵਧੀਕ ਆਸ਼੍ਰਿਤਾਂ ਲਈ—900 ਰੂਬਲ ਮਾਹਵਾਰ
ਦੋ ,, ,, —600 ਰੂਬਲ ਮਾਹਵਾਰ
ਇਕ ਆਸ਼੍ਰਿਤ ,, —400 ਰੂਬਲ ਮਾਹਵਾਰ

ਕਾਰਖ਼ਾਨੇ, ਦਫ਼ਤਰ ਅਤੇ ਹੋਰ ਕਿਸੇ ਥਾਂ ਦੇ ਉਸ ਕਾਮੇ ਦੇ ਟੱਬਰ ਨੂੰ, ਜਿਸ ਦੀ ਮੌਤ ਆਮ ਬੀਮਾਰੀ ਕਾਰਨ ਹੋਈ ਹੋਵੇ, ਸੁਖਾਵੀਆਂ ਸ਼ਰਤਾਂ ਤੇ ਪਿਨਸ਼ਨ ਦਿਤੀ ਜਾਂਦੀ ਹੈ, ਜੇਕਰ ਨਿਰਯੋਗਤਾ ਦੀ ਪਿਨਸ਼ਨ ਲੈਣ ਲਈ ਨੀਅਤ ਕੀਤੇ ਗਏ ਸਮੇਂ ਦਾ ਘਟੋ ਘਟ ਅਧਾ ਸਮਾਂ, ਉਸ ਸੁਰਗਵਾਸੀ ਕਾਮੇ ਨੇ ਉਹ ਕੰਮ ਕਰਦਿਆਂ ਬਿਤਾਇਆ ਹੋਵੇ, ਜੋ ਉਸ ਨੂੰ ਸੁਖਾਵੀਆਂ ਸ਼ਰਤਾਂ ਤੇ ਪਿਨਸ਼ਨ ਲੈਣ ਦਾ ਹੱਕਦਾਰ ਬਣਾਂਦਾ ਹੋਵੇ (ਬਿਨਾਂ ਕੰਮ ਦੀ ਥਾਂ ਦੇ ਕਿਸੇ ਵਿਚਾਰ ਦੇ)।

ਉਹਨਾਂ ਟੱਬਰਾਂ ਨੂੰ, ਜਿਨ੍ਹਾਂ ਵਿਚ ਪਿਤਾ ਤੇ ਮਾਤਾ, ਦੋਵਾਂ ਦੀ ਮੌਤ ਕਾਰਨ ਯਤੀਮ ਹੋਏ ਅਤੇ ਜਾਂ ਸੁਰਗਵਾਸ ਹੋ ਗਈ ਅਨ-ਵਿਆਹੀ ਮਾਂ ਦੇ ਬੱਚੇ ਸ਼ਾਮਿਲ ਹੁੰਦੇ ਹਨ, ਉਹਨਾਂ ਸ਼ਰਤਾਂ ਤੇ ਹੀ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ, ਜਿਨ੍ਹਾਂ ਸ਼ਰਤਾਂ ਤੇ ਉਹਨਾਂ ਟੱਬਰਾਂ ਨੂੰ, ਜਿਨ੍ਹਾਂ ਦੇ ਕਮਾਊ-ਜੀਅ ਸਨਅਤੀ ਹਾਦਸੇ ਕਾਰਨ ਜਾਂ ਵਿਰਤਕ ਬੀਮਾਰੀ ਕਾਰਨ ਸੁਰਗਵਾਸ ਹੋ ਗਏ ਹੋਣ।

ਦਫ਼ਾ 35. ਕਾਰਖ਼ਾਨੇ, ਦਫ਼ਤਰ ਅਤੇ ਹੋਰਨਾਂ ਥਾਂਵਾਂ ਦੇ ਉਹਨਾਂ ਕਾਮਿਆਂ ਦੇ ਟੱਬਰਾਂ ਨੂੰ, ਜਿਨ੍ਹਾਂ ਦੀ ਮੌਤ, ਨਿਰਯੋਗਤਾ ਦੀ ਪੂਰੀ ਪਿਨਸ਼ਨ ਲੈਣ ਲਈ ਨੀਅਤ ਕੀਤੀ ਗਈ ਨੌਕਰੀ ਨੂੰ ਪੂਰਿਆਂ ਕਰਨ ਤੋਂ ਪਹਿਲਾਂ ਹੀ, ਕੰਮ ਦੇ ਦੌਰਾਨ ਵਿਚ, ਹੋ ਗਈ ਹੋਵੇ, ਕਮਾਊ-ਜੀਅ ਦੀ ਨੌਕਰੀ ਦੀ ਲੰਬਾਈ ਅਨੁਸਾਰ ਪਿਨਸ਼ਨ ਦੇ ਦਿਤੀ ਜਾਂਦੀ ਹੈ। ਇਹ ਪਿਨਸ਼ਨ ਕੁਲ ਪਿਨਸ਼ਨ ਦੇ ਇਕ ਚੌਥਾਈ ਨਾਲੋਂ ਘੱਟ ਨਹੀਂ ਹੁੰਦੀ।

ਦਫ਼ਾ 36. ਕਮਾਊ-ਜੀਅ ਦੀ ਮੌਤ ਹੋ ਜਾਣ ਤੇ, ਸੁਰਗਵਾਸੀ ਦੇ ਟਬਰ ਨੂੰ ਦਿਤੀ ਪਿਨਸ਼ਨ ਵਿਚ ਹੇਠ ਲਿਖੇ ਵਾਧੇ ਵੀ ਦਿਤੇ ਜਾ ਸਕਦੇ ਹਨ (ਵਧ ਤੋਂ ਵਧ ਪਿਨਸ਼ਨਾਂ ਦੀ ਹਦ ਦੇ ਅੰਦਰ ਅੰਦਰ)।

(ੳ) ਕਾਰਖ਼ਾਨੇ, ਦਫ਼ਤਰ ਅਤੇ ਹੋਰ ਕਿਸੇ ਥਾਂ ਦੇ ਉਸ ਕਾਮੇ ਦੇ ਤਿੰਨ ਜਾਂ ਤਿੰਨ ਤੋਂ ਵਧੀਕ ਆਸ਼੍ਰਿਤਾਂ ਲਈ, ਜਿਸ ਦੀ ਮੌਤ ਸਨਅਤੀ ਹਾਦਸੇ ਅਤੇ ਜਾਂ ਵਿਰਤਕ ਬੀਮਾਰੀ ਨਾਲ ਹੋਈ ਹੋਵੇ—ਪਿਨਸ਼ਨ ਦਾ 15 ਫ਼ੀ ਸਦੀ;

(ਅ) ਕਾਰਖ਼ਾਨੇ, ਦਫ਼ਤਰ ਅਤੇ ਹੋਰ ਕਿਸੇ ਥਾਂ ਦੇ ਉਸ ਕਾਮੇ ਦੇ ਆਸ਼੍ਰਿਤਾਂ ਨੂੰ, ਜਿਸ ਦੀ ਮੌਤ ਆਮ ਬਿਮਾਰੀ ਕਾਰਨ ਹੋਈ ਹੋਵੇ ਅਤੇ ਜਿਸ ਦੀ ਨੌਕਰੀ ਨਿਰਵਿਘਨ ਹੋਵੇ—10 ਤੋਂ 15 ਸਾਲ, ਪਿਨਸ਼ਨ ਦਾ 10 ਫ਼ੀ ਸਦੀ; 15 ਤੋਂ ਵਧੀਕ ਸਾਲ, ਪਿਨਸ਼ਨ ਦਾ 15 ਫ਼ੀ ਸਦੀ।

ਦਫ਼ਾ 37. ਕਮਾਊ-ਜੀਅ ਦੀ ਮੌਤ ਹੋ ਜਾਣ ਤੇ ਪਿਨਸ਼ਨੀਆਂ ਨੂੰ ਨੀਅਤ ਹੋਈ ਪਿਨਸ਼ਨ, ਪੂਰੀ ਦੀ ਪੂਰੀ ਮਿਲਦੀ ਰਹਿੰਦੀ ਹੈ, ਭਾਵੇਂ ਉਹਨਾਂ ਕੋਲ ਆਮਦਨ ਦਾ ਕੋਈ ਹੋਰ ਵਸੀਲਾ ਵੀ ਹੋਵੇ।

V. ਫੌਜੀਆਂ ਅਤੇ ਉਹਨਾਂ ਦੇ ਟੱਬਰਾਂ ਲਈ ਪਿਨਸ਼ਨਾਂ

ਦਫ਼ਾ 38. ਸਿਪਾਹੀ ਤੇ ਬੇਕਮਿਸ਼ਨੇ ਅਫ਼ਸਰ ਨਿਰਯੋਗ ਹੋ ਜਾਣ ਦੀ ਹਾਲਤ ਵਿਚ ਅਤੇ ਉਹਨਾਂ ਦੇ ਟੱਬਰ, ਕਮਾਊ-ਜੀਅ ਦੀ ਮੌਤ ਹੋ ਜਾਣ ਤੇ, ਪਿਨਸ਼ਨ ਦੇ ਹੱਕਦਾਰ ਹਨ।

ਫੌਜੀਆਂ ਤੇ ਉਹਨਾਂ ਦੇ ਟੱਬਰਾਂ ਨੂੰ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ, ਬਿਨਾਂ ਇਸ ਵਿਚਾਰ ਦੇ ਕਿ ਉਹਨਾਂ ਕਿੰਨੀ ਦੇਰ ਫ਼ੌਜ ਦੀ ਨੌਕਰੀ ਕੀਤੀ ਹੈ ਅਤੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਉਹ ਕੀ ਕੰਮ ਕਰਦੇ ਸਨ।

ਜੰਗ ਸਮੇਂ ਦੇ ਛਾਪਾ ਮਾਰਾਂ ਤੇ ਉਹਨਾਂ ਦੇ ਟੱਬਰਾਂ ਨੂੰ ਉਹਨਾਂ ਨਿਯਮਾਂ ਅਨੁਸਾਰ ਹੀ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ, ਜਿਨ੍ਹਾਂ ਅਨੁਸਾਰ ਫ਼ੌਜੀਆਂ ਤੇ ਉਹਨਾਂ ਦੇ ਟੱਬਰਾਂ ਨੂੰ। ਉਹਨਾਂ ਸਿਪਾਹੀਆਂ, ਬੇ-ਕਮਿਸ਼ਨੇ ਅਫ਼ਸਰਾਂ ਤੇ ਪੁਰਾਣੇ ਛਾਪਾ ਮਾਰਾਂ ਦੇ ਟੱਬਰ ਜਿਹੜੇ ਪਹਿਲਾਂ ਪਿਨਸ਼ਨੀਏ ਸਨ, ਵੀ ਕਮਾਊ-ਜੀਅ ਦੀ ਮੌਤ ਹੋ ਜਾਣ ਤੇ ਪਿਨਸ਼ਨ ਦੇ ਹੱਕਦਾਰ ਹਨ।

ਦਫ਼ਾ 39. ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ, ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਕੰਮ ਕਰਦੇ ਸਨ ਅਤੇ ਜਿਹੜੇ ਸੋਵੀਅਤ ਯੂਨੀਅਨ ਦੀ ਰਖਿਆ ਕਰਦਿਆਂ, ਜਾਂ ਫ਼ੌਜੀ ਫਰਜ਼ਾਂ ਨੂੰ ਨਿਭਾਂਦਿਆਂ ਜ਼ਖ਼ਮ, ਸਟ ਪੇਟ ਜਾਂ ਸਦਮਾ ਪਹੁੰਚਣ ਕਾਰਨ ਅਤੇ ਜਾਂ ਫਰੰਟ ਤੇ ਕੋਈ ਰੋਗ ਲਗ ਜਾਣ ਕਾਰਨ ਨਿਰਯੋਗ ਹੋ ਗਏ ਹੋਣ, ਫ਼ੌਜ 'ਚ ਭਰਤੀ ਹੋਣ ਤੋਂ ਪਹਿਲਾਂ ਦੀਆਂ ਤਨਖ਼ਾਹਾਂ ਦੇ ਆਧਾਰ ਤੇ, ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :—

(ੳ) ਪਹਿਲੇ ਦਰਜੇ ਦੀ ਨਿਰਯੋਗਤਾ—500 ਰੂਬਲ ਮਾਹਵਾਰ ਤਨਖ਼ਾਹ ਦਾ 100 ਫ਼ੀ ਸਦੀ ; ਅਤੇ ਇਸ ਤੋਂ ਉਪਰੰਤ, ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ;

(ਅ) ਦੂਸਰੇ ਦਰਜੇ ਦੀ ਨਿਰਯੋਗਤਾ—450 ਰੂਬਲ ਮਾਹਵਾਰ ਤਨਖ਼ਾਹ ਦਾ 90 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ;

(ੲ) ਤੀਸਰੇ ਦਰਜੇ ਦੀ ਨਿਰਯੋਗਤਾ—400 ਰੂਬਲ ਮਾਹਵਾਰ ਤਨਖ਼ਾਹ ਦਾ 65 ਫ਼ੀ ਸਦੀ ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ।

ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਜ਼ਿਮੀਂਦੋਜ਼ ਕੰਮਾਂ ਤੇ, ਹਾਨੀਕਾਰਕ ਹਾਲਤਾਂ ਵਾਲੇ ਕੰਮਾਂ ਤੇ ਅਤੇ ਜਾਂ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਕੰਮੀ ਲਗੇ ਹੋਏ ਸਨ ਅਤੇ ਜਿਹੜੇ ਉਪਰ ਦਸੇ ਗਏ ਕਾਰਨਾਂ ਕਰਕੇ ਨਿਰਯੋਗ ਹੋ ਗਏ ਹੋਣ, ਹੇਠ ਲਿਖੀਆਂ ਸੁਖਾਵੀਆਂ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ—100 ਫ਼ੀ ਸਦੀ	600 ਰੂਬਲ ਮਾਹਵਾਰ ਤਨਖ਼ਾਹ ਦਾ ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 20 ਫ਼ੀ ਸਦੀ ਹੋਰ ।
ਦੂਸਰੇ ਦਰਜੇ ਦੀ ਨਿਰਯੋਗਤਾ— 90 ਫ਼ੀ ਸਦੀ	
ਤੀਸਰੇ ਦਰਜੇ ਦੀ ਨਿਰਯੋਗਤਾ— 65 ਫ਼ੀ ਸਦੀ	

ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਠਨ ਹਾਲਾਤਾਂ ਵਾਲੇ ਕੰਮਾਂ ਤੇ ਲਗੇ ਹੋਏ ਸਨ ਅਤੇ ਜਿਹੜੇ ਉਪਰ ਦਸੇ ਗਏ ਕਾਰਨਾਂ ਕਰਕੇ ਨਿਰਯੋਗ ਹੋ ਗਏ ਹੋਣ, ਹੇਠ ਲਿਖੀਆਂ ਸੁਖਾਵੀਆਂ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ—100 ਫ਼ੀ ਸਦੀ	500 ਰੂਬਲ ਮਾਹਵਾਰ ਤਨਖ਼ਾਹ ਦਾ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 15 ਫ਼ੀ ਸਦੀ ਹੋਰ ।
ਦੂਸਰੇ ਦਰਜੇ ਦੀ ਨਿਰਯੋਗਤਾ— 90 ਫ਼ੀ ਸਦੀ	
ਤੀਸਰੇ ਦਰਜੇ ਦੀ ਨਿਰਯੋਗਤਾ— 65 ਫ਼ੀ ਸਦੀ	

ਘਟੋ ਘਟ ਪਿਨਸ਼ਨਾਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ—385 ਰੂਬਲ ਮਾਹਵਾਰ
ਦੂਸਰੇ ਦਰਜੇ ਦੀ ਨਿਰਯੋਗਤਾ—285 ਰੂਬਲ ਮਾਹਵਾਰ
ਤੀਸਰੇ ਦਰਜੇ ਦੀ ਨਿਰਯੋਗਤਾ—210 ਰੂਬਲ ਮਾਹਵਾਰ

ਵਧ ਤੋਂ ਵਧ ਪਿਨਸ਼ਨਾਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ—1200 ਰੂਬਲ ਮਾਹਵਾਰ

ਦੂਸਰੇ ਦਰਜੇ ਦੀ ਨਿਰਯੋਗਤਾ— 900 ਰੂਬਲ ਮਾਹਵਾਰ

ਤੀਸਰੇ ਦਰਜੇ ਦੀ ਨਿਰਯੋਗਤਾ— 450 ਰੂਬਲ ਮਾਹਵਾਰ

ਦਫ਼ਾ 40. ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਕੰਮ ਕਰਦੇ ਸਨ ਅਤੇ ਜਿਹੜੇ ਕਿਸੇ ਇਹੋ ਜਹੇ ਹਾਦਸੇ ਵਿਚ ਸਟ ਲਗਣ ਨਾਲ ਨਿਰਯੋਗ ਹੋ ਗਏ ਹੋਣ, ਜਿਹੜਾ ਫ਼ੌਜੀ ਫ਼ਰਜ਼ਾਂ ਨੂੰ ਨਿਭਾਣ ਦੇ ਕੰਮਾਂ ਨਾਲ ਸਬੰਧਤ ਨ ਹੋਵੇ, ਅਤੇ ਜਾਂ ਜਿਹੜੇ ਫਰੰਟ ਤੇ ਕੋਈ ਰੋਗ ਲਗ ਜਾਣ ਕਾਰਨ ਨਿਰਯੋਗ ਹੋ ਗਏ ਹੋਣ, ਉਹਨਾਂ ਦੇ ਭਰਤੀ ਹੋਣ ਤੋਂ ਪਹਿਲੇ ਦੀ ਤਨਖ਼ਾਹ ਦੇ ਅਧਾਰ ਤੇ, ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

(ੳ) ਪਹਿਲੇ ਦਰਜੇ ਦੀ ਨਿਰਯੋਗਤਾ - 500 ਰੂਬਲ ਤਕ ਮਾਹਵਾਰ ਤਨਖ਼ਾਹ ਦਾ 85 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ;

(ਅ) ਦੂਸਰੇ ਦਰਜੇ ਦੀ ਨਿਰਯੋਗਤਾ—450 ਰੂਬਲ ਤਕ ਮਾਹਵਾਰ ਤਨਖ਼ਾਹ ਦਾ 65 ਫ਼ੀ ਸਦੀ, ਅਤੇ ਇਸ ਤੋਂ ਉਪ੍ਰੰਤ ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ,

(ੲ) ਤੀਸਰੇ ਦਰਜੇ ਦੀ ਨਿਰਯੋਗਤਾ—400 ਰੂਬਲ ਤਕ ਮਾਹਵਾਰ ਤਨਖ਼ਾਹ ਦਾ 45 ਫ਼ੀ ਸਦੀ ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 10 ਫ਼ੀ ਸਦੀ ਹੋਰ ।

ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਜ਼ਿਮੀਂ-ਦੋਜ਼ ਕੰਮਾਂ ਤੇ, ਹਾਨੀਕਾਰਕ ਹਾਲਤਾਂ ਵਾਲੇ ਕੰਮਾਂ ਤੇ, ਅਤੇ ਜਾਂ ਤਪਸ਼ ਵਾਲੇ ਕਾਰ-ਕੇਂਦਰਾਂ ਵਿਚ ਕੰਮੀਂ ਲਗੇ ਹੋਏ ਸਨ, ਅਤੇ ਜਿਹੜੇ ਉਪਰ ਦਸੇ ਗਏ ਕਾਰਨਾਂ ਕਰਕੇ ਨਿਰਯੋਗ ਹੋ ਗਏ ਹੋਣ, ਹੇਠ ਲਿਖੀਆਂ ਸੁਖਾਵੀਆਂ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	—85 ਫ਼ੀ ਸਦੀ	600 ਰੂਬਲ ਤਕ ਮਾਹਵਾਰ ਤਨਖ਼ਾਹ ਦਾ ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 20 ਫ਼ੀ ਸਦੀ ਹੋਰ ।
ਦੂਸਰੇ ,, ,, ,,	—65 ,,	
ਤੀਸਰੇ ,, ,, ,,	—45 ,,	

ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਠਨ ਹਾਲਤਾਂ ਵਾਲੇ ਕੰਮਾਂ ਤੇ ਲਗੇ ਹੋਏ ਸਨ ਅਤੇ ਜਿਹੜੇ ਉਪਰ ਦਸੇ ਗਏ ਕਾਰਨਾਂ ਕਰਕੇ ਨਿਰਯੋਗ ਹੋ ਗਏ ਹੋਣ, ਹੇਠ ਲਿਖੀਆਂ ਸੁਖਾਂਵੀਆਂ ਸ਼ਰਤਾਂ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	85 ਫ਼ੀ ਸਦੀ		500 ਰੂਬਲ ਤਕ ਮਾਹਵਾਰ ਤਨਖ਼ਾਹ ਦਾ ਅਤੇ ਇਸ ਤੋਂ ਉਪ੍ਰੰਤ, ਬਾਕੀ ਦੀ ਤਨਖ਼ਾਹ ਦਾ 15 ਫ਼ੀ ਸਦੀ ਹੋਰ।
ਦੂਸਰੇ ,, ,, ,,	65	,,	
ਤੀਸਰੇ ,, ,, ,,	45	,,	

ਘਟੋ ਘਟ ਪਿਨਸ਼ਨਾਂ ਹਨ।

ਪਹਿਲੇ ਦਰਜੇ ਦੀ ਨਿਰਯੋਗਤਾ	—	330	ਰੂਬਲ	ਮਾਹਵਾਰ
ਦੂਸਰੇ ,, ,,	—	230	,,	,,
ਤੀਸਰੇ ,, ,,	—	160	,,	,,

ਵਧ ਤੋਂ ਵਧ ਪਿਨਸ਼ਨਾਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	—	900	ਰੂਬਲ	ਮਾਹਵਾਰ
ਦੂਸਰੇ ,, ,,	—	600	,,	,,
ਤੀਸਰੇ ,, ,,	—	400	,,	,,

ਦਫ਼ਾ 41. ਇਸ ਕਨੂੰਨ ਦੀ ਦਫ਼ਾ 39 ਤੇ 40 ਵਿਚ ਦਰਜ ਫ਼ੌਜੀਆਂ ਵਿਚੋਂ ਪਹਿਲੇ ਤੇ ਦੂਸਰੇ ਦਰਜੇ ਦੇ ਉਹਨਾਂ ਰੋਗੀਆਂ ਨੂੰ, ਜਿਹੜੇ ਕੰਮ ਤੇ ਨਹੀਂ ਲਗੇ ਹੋਏ ਅਤੇ ਜਿਨ੍ਹਾਂ ਦੇ ਆਸ੍ਰਿਤ ਕੰਮ ਕਰਨ ਦੇ ਅਸਮਰਥ ਹਨ, ਪਿਨਸ਼ਨ ਵਿਚ ਹੇਠ ਲਿਖੇ ਵਾਧੇ ਦਿਤੇ ਜਾਂਦੇ ਹਨ (ਵਧ ਤੋਂ ਵਧ ਪਿਨਸ਼ਨਾਂ ਦੀ ਹਦ ਦੇ ਅੰਦਰ ਅੰਦਰ) :

ਇਕ ਅਸਮਰਥ ਆਸ੍ਰਿਤ ਲਈ	— ਪਿਨਸ਼ਨ ਦਾ 10 ਫ਼ੀ ਸਦੀ
ਦੋ ਜਾਂ ਵਧੀਕ ਅਸਮਰਥ ਆਸ੍ਰਿਤਾਂ ਲਈ	— ਪਿਨਸ਼ਨ ਦਾ 15 ਫ਼ੀ ਸਦੀ

ਇਸ ਕਨੂੰਨ ਦੀਆਂ ਉਪਰਲੀਆਂ ਦਫਾਆਂ ਵਿਚ ਦਸੇ ਗਏ ਫ਼ੌਜੀਆਂ 'ਚੋਂ ਪਹਿਲੇ ਦਰਜੇ ਦੇ ਰੋਗੀਆਂ ਨੂੰ (ਵਧ ਤੋਂ ਵਧ ਪਿਨਸ਼ਨ ਦੀ ਹਦ ਦੇ ਅੰਦਰ ਅੰਦਰ) ਪਿਨ.ਨ ਦਾ 15 ਫ਼ੀ ਸਦੀ ਵਾਧਾ ਨਰਸਿੰਗ ਅਲਾਊਂਸ ਦੇ ਤੌਰ ਤੇ ਦਿਤਾ ਜਾਂਦਾ ਹੈ।

ਦਫਾ 42. ਉਹਨਾਂ ਸਿਪਾਹੀਆਂ ਦੇ ਟਬਰਾਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫਤਰ, ਜਾਂ ਹੋਰ ਕਿਸੇ ਥਾਂ ਕੰਮ ਕਰਦੇ ਸਨ, ਅਤੇ ਜਿਹੜੇ ਸੋਵੀਅਤ ਯੂਨੀਅਨ ਦੀ ਰਖਿਆ ਕਰਦਿਆਂ ਕਿਸੇ ਜ਼ਖ਼ਮ, ਸਟ ਪੇਟ ਜਾਂ ਸਦਮੇ ਕਰਕੇ ਅਤੇ ਜਾਂ ਫਰੰਟ ਤੇ ਕੋਈ ਰੋਗ ਲਗ ਜਾਣ ਕਾਰਨ ਸੁਰਗਵਾਸ ਹੋ ਗਏ ਹੋਣ, ਇਸ ਕਨੂੰਨ ਦੀ ਦਫਾ 33 ਦੀਆਂ ਮਦਾਂ ਅਨੁਸਾਰ, ਫੌਜ 'ਚ ਭਰਤੀ ਹੋਣ ਤੋਂ ਪਹਿਲਾਂ ਦੀ ਕਮਾਊ-ਜੀਅ ਦੀ ਅਖੀਰਲੇ ਕੰਮ ਵਾਲੀ ਥਾਂ ਤੇ ਤਨਖ਼ਾਹ ਦੇ ਆਧਾਰ ਤੇ, ਪਿਨਸ਼ਨ ਦਿਤੀ ਜਾਂਦੀ ਹੈ।

ਦਫਾ 43. ਉਹਨਾਂ ਸਿਪਾਹੀਆਂ ਦੇ ਟਬਰਾਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ, ਜਾਂ ਹੋਰ ਕਿਸੇ ਥਾਂ ਕੰਮ ਕਰਦੇ ਸਨ, ਅਤੇ ਜਿਹੜੇ ਕਿਸੇ ਇਹੋ ਜਹੇ ਹਾਦਸੇ 'ਚ ਜਿਹੜਾ ਫ਼ੌਜੀ ਫਰਜ਼ਾਂ ਨੂੰ ਨਿਭਾਣ ਦੇ ਕੰਮਾਂ ਨਾਲ ਸਬੰਧਤ ਨ ਹੋਵੇ, ਜਾਂ ਇਹੋ ਜਿਹੇ ਰੋਗ ਨਾਲ, ਜੋ ਫਰੰਟ ਤੇ ਨ ਹੋਇਆ ਹੋਵੇ, ਸੁਰਗਵਾਸ ਹੋ ਗਏ ਹੋਣ, ਇਸ ਕਨੂੰਨ ਦੀ ਦਫ਼ਾ 34 ਦੀਆਂ ਮਦਾਂ ਅਨੁਸਾਰ, ਕਮਾਊ-ਜੀਅ ਦੇ ਭਰਤੀ ਹੋਣ ਤੋਂ ਪਹਿਲਾਂ, ਕੰਮ ਵਾਲੀ ਅਖ਼ੀਰਲੀ ਥਾਂ ਤੇ ਲਈ ਗਈ ਤਨਖ਼ਾਹ ਦੇ ਆਧਾਰ ਤੇ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ।

ਦਫ਼ਾ 44. ਬੇ-ਕਮਿਸ਼ਨੇ ਤੇ ਛੋਟੇ ਅਫ਼ਸਰਾਂ ਲਈ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਕੰਮ ਕਰਦੇ ਸਨ, ਅਤੇ ਇਹਨਾਂ ਫੌਜੀਆਂ ਦੇ ਟੱਬਰਾਂ ਲਈ ਪਿਨਸ਼ਨਾਂ, ਇਸ ਕਨੂੰਨ ਦੀਆਂ ਦਫ਼ਾਆਂ 39, 40, 41, 42 ਅਤੇ 43 ਦੀਆਂ ਮਦਾਂ ਵਾਲੀਆਂ ਪਿਨਸ਼ਨਾਂ, —ਘਟ ਤੋਂ ਘਟ ਪਿਨਸ਼ਨ ਸਣੇ,—ਨਾਲੋਂ 10 ਫ਼ੀ ਸਦੀ ਵਧੇਰੇ ਹਨ (ਵਧ ਤੋਂ ਵਧ ਪਿਨਸ਼ਨ ਦੀ ਹਦ ਦੇ ਅੰਦਰ ਅੰਦਰ)।

ਦਫ਼ਾ 45. ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਕੰਮ ਨਹੀਂ ਸਨ ਕਰਦੇ ਅਤੇ ਜਿਹੜੇ ਸੋਵੀਅਤ ਯੂਨੀਅਨ ਦੀ ਰਖਿਆ ਕਰਦਿਆਂ ਜ਼ਖ਼ਮ ਜਾਂ ਚੋਟ ਲਗਣ ਨਾਲ ਜਾਂ ਸਦਮੇ ਕਾਰਨ ਅਤੇ ਜਾਂ ਫਰੰਟ ਤੇ ਕੋਈ ਰੋਗ ਲਗ ਜਾਣ ਕਾਰਨ ਨਿਰਯੋਗ ਹੋ ਗਏ ਹੋਣ, ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	—	385	ਰੂਬਲ ਮਾਹਵਾਰ
ਦੂਸਰੇ ,, ,,	—	285	,, ,,
ਤੀਸਰੇ ,, ,,	—	210	,, ,,

ਦਫ਼ਾ 46. ਉਹਨਾਂ ਸਿਪਾਹੀਆਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਕੰਮ ਨਹੀਂ ਸਨ ਕਰਦੇ, ਅਤੇ ਜਿਹੜੇ ਕਿਸੇ ਇਹੋ ਜਿਹੇ ਹਾਦਸੇ 'ਚ ਸਟ ਲਗਣ ਕਾਰਨ ਜਿਸਦਾ ਸਬੰਧ ਫੌਜੀ ਫ਼ਰਜ਼ਾਂ ਦੇ ਨਿਭਾਣ ਦੇ ਕੰਮ ਨਾਲ ਨਹੀਂ ਸੀ, ਅਤੇ ਜਾਂ ਇਹੋ ਜਹੀ ਬੀਮਾਰੀ ਲਗਣ ਨਾਲ, ਜੋ ਫਰੰਟ ਤੇ ਨ ਲਗੀ ਹੋਵੇ, ਨਿਰਯੋਗ ਹੋ ਗਏ ਹੋਣ, ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਪਹਿਲੇ ਦਰਜੇ ਦੀ ਨਿਰਯੋਗਤਾ	—	330	ਰੂਬਲ ਮਾਹਵਾਰ
ਦੂਸਰੇ ,, ,,	—	230	,, ,,
ਤੀਸਰੇ ,, ,,	—	160	,, ,,

ਦਫ਼ਾ 47. ਇਸ ਕਨੂੰਨ ਦੀ ਦਫ਼ਾ 45 ਅਤੇ 46 ਵਿਚ ਦਰਜ ਫੌਜੀਆਂ ਵਿਚੋਂ ਪਹਿਲੇ ਤੇ ਦੂਸਰੇ ਦਰਜੇ ਦੇ ਉਹਨਾਂ ਰੋਗੀਆਂ ਨੂੰ, ਜੋ ਕੰਮਾਂ ਤੇ ਲਗੇ ਹੋਏ ਨਹੀਂ ਹਨ ਅਤੇ ਜਿਨ੍ਹਾਂ ਦੇ ਆਸ੍ਰਿਤ ਕੰਮ ਦੇ ਅਸਮਰਥ ਹਨ, ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ :

ਕੰਮ ਦੇ ਅਸਮਰਥ ਇਕ ਆਸ੍ਰਿਤ ਲਈ	—ਪਿਨਸ਼ਨ ਦਾ 10 ਫ਼ੀ ਸਦੀ
,, ,, ਦੋ ਜਾਂ ਵਧੀਕ ਆਸ੍ਰਿਤਾਂ ਲਈ	,, 15 ਫ਼ੀ ਸਦੀ

ਦਫ਼ਾ 48. ਉਹਨਾਂ ਸਿਪਾਹੀਆਂ ਦੇ ਟਬਰਾਂ ਨੂੰ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਕੰਮ ਨਹੀਂ ਸਨ ਕਰਦੇ, ਹੇਠ ਲਿਖੀਆਂ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ (ਭਾਵੇਂ ਫ਼ੌਜੀ ਦੀ ਮੌਤ ਕਿਸੇ ਕਾਰਨ ਕਰਕੇ ਹੀ ਹੋਈ ਹੋਵੇ)

ਕੰਮ ਦੇ ਅਸਮਰਥ ਤਿੰਨ ਜਾਂ ਵਧੀਕ ਆਸ੍ਰਿਤਾਂ ਲਈ	—300	ਰੂਬਲ ਮਾਹਵਾਰ
,, ,, ਦੋ ਆਸ੍ਰਿਤਾਂ ਲਈ	—230	,, ,,
,, ,, ਇਕ ਆਸ੍ਰਿਤ ਲਈ	—160	,, ,,

ਦਫ਼ਾ 49. ਬੇ-ਕਮਿਸ਼ਨੇ ਅਤੇ ਛੋਟੇ ਅਫ਼ਸਰਾਂ ਲਈ, ਜੋ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਅਤੇ ਜਾਂ ਹੋਰ ਥਾਂ ਦੇ ਕਾਮੇ ਨਹੀਂ ਸਨ, ਅਤੇ ਉਹਨਾਂ ਦੇ ਟੱਬਰਾਂ ਲਈ ਪਿਨਸ਼ਨਾਂ, ਇਸ ਕਨੂੰਨ ਦੀਆਂ ਦਫ਼ਾਆਂ 45, 46, 47 ਅਤੇ 48 ਵਿਚ ਦਸੀਆਂ ਗਈਆਂ ਪਿਨਸ਼ਨਾਂ ਨਾਲੋਂ, 10 ਫ਼ੀ ਸਦੀ ਵਧੇਰੇ ਹਨ।

ਦਫ਼ਾ 50. ਸਿਪਾਹੀਆਂ ਤੇ ਬੇ-ਕਮਿਸ਼ਨੇ ਅਫਸਰਾਂ ਨੂੰ, ਜੋ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਉਪਜ-ਕਰਨ-ਵਾਲਿਆਂ ਦੀ ਕਿਸੇ ਸਹਿਕਾਰੀ ਸੰਸਥਾ

ਦੇ ਮਿੰਬਰ ਸਨ, ਦੂਸਰੇ ਫ਼ੌਜੀਆਂ ਵਾਂਗ ਹੀ ਜੋ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਮੁਲਾਜ਼ਮ ਸਨ, ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ।

ਉਹਨਾਂ ਫ਼ੌਜੀਆਂ ਦੇ ਟਬਰਾਂ ਨੂੰ, ਜੋ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਉਪਜ-ਕਰਣ-ਵਾਲਿਆਂ ਦੀ ਕਿਸੇ ਸਹਿਕਾਰੀ ਸੰਸਥਾ ਦੇ ਮਿੰਬਰ ਸਨ, ਉਸ ਆਧਾਰ ਤੇ ਹੀ ਪਿਨਸ਼ਨ ਮਿਲਦੀ ਹੈ, ਜਿਸ ਤੇ ਉਹਨਾਂ ਫੌਜੀਆਂ ਦੇ ਟਬਰਾਂ ਨੂੰ, ਜੋ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਹੋਰ ਕਿਸੇ ਥਾਂ ਮੁਲਾਜ਼ਿਮ ਸਨ।

ਦਫ਼ਾ 51. ਇਸ ਕਨੂੰਨ ਦੀਆਂ ਦਫ਼ਾਆਂ 18 (ਭਾਗ 1), 19, 26, 27, 28, 29, 30, 31, 32 ਅਤੇ 37 ਦੀਆਂ ਮਦਾਂ, ਸਿਪਾਹੀਆਂ, ਬੇ-ਕਮਿਸ਼ਨੇ ਅਫਸਰਾਂ ਅਤੇ ਉਹਨਾਂ ਦੇ ਟਬਰਾਂ ਨੂੰ ਪਿਨਸ਼ਨਾਂ ਦੇਣ ਲਈ ਵੀ ਬਰਾਬਰ ਲਾਗੂ ਹੁੰਦੀਆਂ ਹਨ। ਅਤੇ, ਇਹਨਾਂ ਤੋਂ ਉਪ੍ਰੰਤ, ਇਸ ਕਨੂੰਨ ਦੀ ਦਫ਼ਾ 36 (ਪੈਰਾ 'ੳ') ਵੀ ਉਹਨਾਂ ਸਿਪਾਹੀਆਂ ਦੇ ਟਬਰਾਂ ਨੂੰ ਪਿਨਸ਼ਨਾਂ ਦੇਣ ਲਗਿਆਂ ਲਾਗੂ ਹੁੰਦੀ ਹੈ, ਜੋ ਫ਼ੌਜ ਦੀ ਨੌਕਰੀ ਤੋਂ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਹੋਰ ਕਿਸੇ ਥਾਂ ਮੁਲਾਜ਼ਿਮ ਸਨ ਅਤੇ ਜਾਂ ਉਪਜ-ਕਰਣ-ਵਾਲਿਆਂ ਦੀ ਕਿਸੇ ਸਹਿਕਾਰੀ ਸੰਸਥਾ ਦੇ ਮਿੰਬਰ ਸਨ।

ਦਫ਼ਾ 52. ਜਰਨੈਲਾਂ, ਸਮੁੰਦਰੀ ਸੈਨਾਂ ਦੇ ਨਾਇਕਾਂ, ਅਫਸਰਾਂ, ਦੋਬਾਰਾ ਭਰਤੀ ਕੀਤੇ ਗਏ ਸਿਪਾਹੀਆਂ ਅਤੇ ਬੇ-ਕਮਿਸ਼ਨੇ ਅਫਸਰਾਂ ਅਤੇ ਉਸੇ ਪਦਵੀ ਦੇ ਦੂਸਰੇ ਆਦਮੀਆਂ ਨੂੰ, ਅਤੇ ਉਹਨਾਂ ਦੇ ਟਬਰਾਂ ਨੂੰ ਸੋਵੀਅਤ ਯੂਨੀਅਨ ਦੀ ਵਜ਼ੀਰ-ਕੌਂਸਲ ਵਲੋਂ ਨੀਅਤ ਕੀਤੇ ਗਏ ਦਰਜਿਆਂ ਅਤੇ ਦਰਾਂ ਮੁਤਾਬਿਕ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ।

ਇਸ ਦਫ਼ਾ ਵਿਚ ਦਸੇ ਗਏ ਆਦਮੀ, ਜੇਕਰ ਫ਼ੌਜ 'ਚੋਂ ਨਾਂ-ਕਟਾਈ ਦੇ ਵਕਤ ਆਪਣੇ ਆਪਣੇ ਅਹੁਦੇ ਦੇ ਮੁਤਾਬਿਕ, ਫ਼ੌਜੀਆਂ ਲਈ ਨੀਅਤ ਕੀਤੀ ਗਈ ਪਿਨਸ਼ਨ ਦੇ ਹਕਦਾਰ ਨ ਹੋਣ, ਤਾਂ ਉਹਨਾਂ ਦੇ ਟਬਰਾਂ ਨੂੰ ਮੌਜੂਦਾ ਕਨੂੰਨ ਅਨੁਸਾਰ, ਉਸੇ ਲਿਹਾਜ਼ ਨਾਲ ਹੀ ਪਿਨਸ਼ਨਾਂ ਦਿਤੀਆਂ ਜਾ ਸਕਦੀਆਂ ਹਨ, ਜਿਸ ਨਾਲ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਹੋਰ ਕਿਸੇ ਥਾਂ ਦੇ ਕਾਮਿਆਂ ਨੂੰ, ਜਾਂ ਉਹਨਾਂ ਦੇ ਟਬਰਾਂ ਨੂੰ ਦਿਤੀਆਂ ਜਾਂਦੀਆਂ ਹਨ, ਬਿਨਾਂ ਇਸ ਪਰਕਾਰ ਦੀ ਕਿਸੇ ਵਿਚਾਰ ਦੇ ਕਿ ਉਹ ਆਦਮੀ ਪਹਿਲਾਂ ਕਿਸੇ ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਕੰਮ ਕਰਦੇ ਸਨ ਜਾਂ ਨਹੀਂ।

VI. ਪਿਨਸ਼ਨ ਦਾ ਹਿਸਾਬ ਕਿਤਾਬ

ਦਫ਼ਾ 53. ਪਿਨਸ਼ਨਾਂ ਦਾ ਹਿਸਾਬ ਔਸਤ ਮਾਹਵਾਰੀ ਅਸਲ ਆਮਦਨ ਦੇ ਅਧਾਰ ਤੇ ਕੀਤਾ ਜਾਂਦਾ ਹੈ। ਇਸ ਆਮਦਨ ਵਿਚ, ਬੀਮੇ ਯੋਗ ਸਭ ਪਰਕਾਰ ਦੀ ਤਨਖ਼ਾਹ ਸ਼ਾਮਿਲ ਹੁੰਦੀ ਹੈ, ਵਾਧੂ-ਵਕਤ (ਓਵਰ ਟਾਈਮ) ਦੀ ਤਨਖ਼ਾਹ, ਇਕ ਤੋਂ ਵਧੀਕ ਕੰਮਾਂ ਦੀ ਤਨਖ਼ਾਹ, ਅਤੇ ਸਭ ਪਰਕਾਰ ਦੀ ਅਸਾਧਾਰਨ ਆਮਦਨ ਨੂੰ ਕਢ ਕੇ ਲੰਮੀ ਨੌਕਰੀ ਦੀਆਂ ਵਾਰਸ਼ਿਕ ਉਜਰਤਾਂ, ਪਿਨਸ਼ਨਾਂ ਦਾ ਹਿਸਾਬ ਕਰਦੇ ਲਗਿਆਂ ਆਮਦਨ ਵਿਚ ਸ਼ਾਮਿਲ ਕਰ ਲਈਆਂ ਜਾਂਦੀਆਂ ਹਨ।

ਔਸਤ ਮਾਹਵਾਰੀ ਆਮਦਨ ਦਾ ਹਿਸਾਬ ਕੰਮ ਦੇ ਪਿਛਲੇ ਬਾਰਾਂ ਮਹੀਨਿਆਂ ਦੇ ਆਧਾਰ ਤੇ ਕੀਤਾ ਜਾਂਦਾ ਹੈ, ਅਤੇ ਜਾਂ, ਪਿਨਸ਼ਨ ਦੀ ਅਰਜ਼ੀ ਦੇਣ ਵਾਲੇ ਦੀ ਖਾਹਸ਼ ਅਨੁਸਾਰ, ਅਰਜ਼ੀ ਦੇਣ ਦੇ ਸਮੇਂ ਤੋਂ ਪਿਛਲੇ ਦਸਾਂ ਸਾਲਾਂ ਵਿਚੋਂ ਕੋਈ ਇਕ ਜੁੜਵੇਂ ਪੰਜ ਸਾਲਾਂ ਦੇ ਅਧਾਰ ਤੇ।

ਦਫ਼ਾ 54. ਕਾਰਖ਼ਾਨੇ, ਦਫ਼ਤਰ ਜਾਂ ਕਿਸੇ ਹੋਰ ਥਾਂ ਦੇ ਕਾਮੇ ਅਤੇ ਫ਼ੌਜੀ ਪਿਨਸ਼ਨੀਆਂ ਨੂੰ, ਜੋ ਪਿਨਸ਼ਨ ਪਾਣ ਤੋਂ ਬਾਅਦ, ਕਿਸੇ ਉਚੇਰੀ ਤਨਖਾਹ ਵਾਲੇ ਕੰਮ ਤੇ ਘਟੋ ਘਟ ਦੋ ਸਾਲ ਕੰਮ ਕਰਦੇ ਰਹੇ ਹੋਣ, ਉਹਨਾਂ ਦੀ ਇਸ ਉਚੇਰੀ ਤਨਖਾਹ ਦੇ ਅਧਾਰ ਤੇ ਨਵੀਂ ਪਿਨਸ਼ਨ ਦੇ ਦਿਤੀ ਜਾਂਦੀ ਹੈ।

ਦਫ਼ਾ 55. ਸਾਰੇ ਵਾਧਿਆਂ ਨੂੰ ਮਿਲਾ ਕੇ, ਕੋਈ ਪਿਨਸ਼ਨ ਵੀ, ਵਧ ਤੋਂ ਵਧ ਪਿਨਸ਼ਨ ਦੀਆਂ ਹਦਾਂ ਨੂੰ ਟਪਣੀ ਨਹੀਂ ਚਾਹੀਦੀ ਅਤੇ ਨ ਹੀ ਉਸ ਤਨਖ਼ਾਹ ਦੇ 100 ਫ਼ੀ ਸਦੀ ਨਾਲੋਂ ਵਧੀਕ ਹੋ ਜਾਣੀ ਚਾਹੀਦੀ ਹੈ, ਜਿਸ ਦੇ ਆਧਾਰ ਤੇ ਉਸ ਦਾ ਹਿਸਾਬ ਕੀਤਾ ਜਾਏ। ਦੂਜੇ ਪਾਸੇ ਕੋਈ ਪਿਨਸ਼ਨ ਵੀ, ਸਾਰੇ ਵਾਧਿਆਂ ਨੂੰ ਸ਼ਾਮਿਲ ਕਰਕੇ, ਨੀਅਤ ਕੀਤੀ ਗਈ ਘਟ ਤੋਂ ਘਟ ਪਿਨਸ਼ਨ ਦੀ ਹਦ ਤੋਂ ਥਲੇ ਨਹੀਂ ਰਹਿਣੀ ਚਾਹੀਦੀ।

ਪਹਿਲੇ ਦਰਜੇ ਦੇ ਰੋਗੀਆਂ ਅਤੇ ਉਹਨਾਂ ਟਬਰਾਂ ਦੀਆਂ ਪਿਨਸ਼ਨਾਂ, ਜਿਨ੍ਹਾਂ ਦਾ ਕਮਾਊ ਜੀਅ ਪੂਰਾ ਹੋ ਗਿਆ ਹੋਵੇ ਅਤੇ ਜਿਨ੍ਹਾਂ ਦੇ ਤਿੰਨ ਜਾਂ ਵਧੀਕ ਮਿੰਬਰ ਕੰਮ ਕਰਣ ਦੇ ਅਸਮਰਥ ਹੋਣ, ਉਸ ਤਨਖ਼ਾਹ ਦੇ ਸੌ ਫ਼ੀ ਸਦੀ ਨਾਲੋਂ ਵੀ ਵਧੀਕ ਹੋ ਸਕਦੀਆਂ ਹਨ, ਜਿਸ ਦੇ ਆਧਾਰ ਤੇ ਉਹਨਾਂ ਦਾ ਹਿਸਾਬ ਕੀਤਾ ਗਿਆ ਹੋਵੇ।

ਦਫ਼ਾ 56. ਪੱਕੇ ਤੌਰ ਤੇ ਦਿਹਾਤੀ ਬਸਤੀਆਂ ਵਿਚ ਰਹਿ ਰਹੇ ਅਤੇ ਖੇਤੀ ਬਾੜੀ ਨਾਲ ਸਬੰਧਤ ਪਿਨਸ਼ਨੀਆਂ ਲਈ ਪਿਨਸ਼ਨ ਦੇ ਨਿਰਖ ਮੌਜੂਦਾ ਕਨੂੰਨ ਵਿਚ ਦਸੇ ਗਏ ਨਿਰਖਾਂ ਦਾ 85 ਫੀ ਸਦੀ ਹਨ।

VII. ਮੌਜੂਦਾ ਕਨੂੰਨ ਨੂੰ ਲਾਗੂ ਕਰਨ ਦੀ ਤਰਤੀਬ

ਦਫ਼ਾ 57. ਮੌਜੂਦਾ ਕਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਦੀਆਂ ਬੁਢੇਪੇ ਅਤੇ ਨਿਰਯੋਗਤਾ ਦੀਆਂ ਪਿਨਸ਼ਨਾਂ ਅਤੇ ਉਹਨਾਂ ਟਬਰਾਂ ਦੀਆਂ ਪਿਨਸ਼ਨਾਂ, ਜਿਨ੍ਹਾਂ ਦੇ ਕਮਾਊ-ਜੀਅ ਪੂਰੇ ਹੋ ਗਏ ਹੋਣ, ਇਸ ਪਰਕਾਰ ਦਿਤੀਆਂ ਜਾਂਦੀਆਂ ਹਨ :

(ੳ) ਉਹਨਾਂ ਪਿਨਸ਼ਨੀਆਂ ਦੀਆਂ ਪਿਨਸ਼ਨਾਂ, ਜੋ ਮੌਜੂਦਾ ਕਨੂੰਨ ਦੇ ਅਧੀਨ ਉਚੇਰੀਆਂ ਪਿਨਸ਼ਨਾਂ ਦੇ ਹਕਦਾਰ ਹਨ, ਮੌਜੂਦਾ ਕਨੂੰਨ ਦੇ ਪਿਨਸ਼ਨ-ਨਿਰਖਾਂ ਅਨੁਸਾਰ ਵਧਾ ਦਿਤੀਆਂ ਜਾਂਦੀਆਂ ਹਨ ;

(ਅ) ਬਾਕੀ ਦੇ ਪਿਨਸ਼ਨੀਆਂ ਦੀਆਂ ਪਿਨਸ਼ਨਾਂ ਪੁਰਾਣੇ ਨਿਰਖਾਂ ਤੇ ਹੀ ਰਹਿਣ ਦਿਤੀਆਂ ਜਾਂਦੀਆਂ ਹਨ, ਪਰ ਮੌਜੂਦਾ ਕਨੂੰਨ ਵਿਚ ਨੀਅਤ ਕੀਤੀ ਗਈ ਘਟ ਤੋਂ ਘਟ ਪਿਨਸ਼ਨ ਦੀ ਹਦ ਤੋਂ ਨ ਥਲੇ ਅਤੇ ਨ ਹੀ ਵਧ ਤੋਂ ਵਧ ਹਦ ਤੋਂ ਉਪਰ;

(ੲ) ਕੰਮਾਂ ਤੇ ਲਗੇ ਪਿਨਸ਼ਨੀਆਂ ਨੂੰ ਮੌਜੂਦਾ ਕਨੂੰਨ ਦੀਆਂ ਦਫ਼ਾਆਂ 15, 27 ਅਤੇ 37 ਅਨੁਸਾਰ ਪਿਨਸ਼ਨਾਂ ਦਿਤੀਆਂ ਜਾਂਦੀਆਂ ਹਨ।

ਦਫ਼ਾ 58. ਸੋਵੀਅਤ ਯੂਨੀਅਨ ਦੀ ਸਰਕਾਰ ਦੇ ਫੈਸਲਿਆਂ ਅਨੁਸਾਰ ਮਾਹਿਰਾਂ (ਉਸਤਾਦਾਂ, ਡਾਕਟਰੀ-ਕਾਮਿਆਂ ਅਤੇ ਦੂਸਰਿਆਂ) ਦੀਆਂ ਵਖ ਵਖ ਸ਼ਰੇਣੀਆਂ ਲਈ ਨੀਅਤ ਕੀਤੀਆਂ ਗਈਆਂ ਪਿਨਸ਼ਨਾਂ ਜੋ ਮੌਜੂਦਾ ਕਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਦਿਤੀਆਂ ਜਾਂਦੀਆਂ ਸਨ, ਉਂਜ ਦੀਆਂ ਉਂਜ ਹੀ ਰਹਿਣ ਦਿਤੀਆਂ ਗਈਆਂ ਹਨ।

ਸੋਵੀਅਤ ਯੂਨੀਅਨ ਦੀ ਮੰਤਰੀ ਕੌਂਸਲ ਦੇ ਜ਼ਿੰਮੇ ਇਹ ਕੰਮ ਲਾਇਆ ਗਿਆ ਹੈ ਕਿ ਉਹ ਉਸ ਤਰਤੀਬ ਨੂੰ ਵੇਰਵੇ-ਪੂਰਵਕ ਤਿਆਰ ਕਰਨ, ਜਿਸ ਅਨੁਸਾਰ ਭਵਿਸ਼ ਵਿਚ ਲੰਮੀ-ਨੌਕਰੀ ਦੀਆਂ ਪਿਨਸ਼ਨਾਂ ਦਿਤੀਆਂ ਤੇ ਤਾਰੀਆਂ ਜਾਣੀਆਂ ਹਨ। (ਕਾਮਿਆਂ ਦੀਆਂ ਸ਼ਰੇਣੀਆਂ, ਜਿਨ੍ਹਾਂ ਨੂੰ ਇਹ ਪਿਨਸ਼ਨਾਂ ਦੇਣੀਆਂ ਹਨ, ਘਟ ਤੋਂ ਘਟ ਤੇ ਵਧ ਤੋਂ ਵਧ ਪਿਨਸ਼ਨਾਂ, ਜੋ ਪਹਿਲਾਂ ਦਿਤੀਆਂ ਜਾ ਚੁਕੀਆਂ ਸਨ ਅਤੇ ਹੁਣ ਨਵੇਂ ਰੂਪ ਵਿਚ ਜਾਰੀ

ਹੋਈਆਂ ਹਨ; ਕੰਮਾਂ ਤੇ ਲਗੇ ਪਿਨਸ਼ਨੀਆਂ ਨੂੰ ਪਿਨਸ਼ਨਾਂ, ਇਤਿਆਦਿ)

ਦਫ਼ਾ 59. ਵਿਗਿਆਨਕ ਕਾਮਿਆਂ ਤੇ ਉਹਨਾਂ ਦੇ ਟਬਰਾਂ ਨੂੰ ਪਿਨਸ਼ਨਾਂ ਦੇਣ ਦੀ ਤਰਤੀਬ, ਜੋ 'ਵਿਗਿਆਨਕ ਕਾਮਿਆਂ ਦੀਆਂ ਪਿਨਸ਼ਨਾਂ ਦੇ ਨਿਯਮਾਂ' ਅਨੁਸਾਰ ਬਣਾਈ ਗਈ ਸੀ ਅਤੇ ਜੋ ਸੋਵੀਅਤ ਯੂਨੀਅਨ ਦੀ ਮੰਤਰੀ ਕੌਂਸਲ ਵਲੋਂ ਮਨਜ਼ੂਰ ਹੋ ਚੁਕੀ ਹੈ. ਲਾਗੂ ਰਹਿਣ ਦਿਤੀ ਗਈ ਹੈ। ਭਵਿਖ ਵਿਚ, ਵਿਗਿਆਨਕ ਕਾਮਿਆਂ ਤੇ ਉਹਨਾਂ ਦੇ ਟਬਰਾਂ ਨੂੰ, ਉਪਰ ਦਸੇ ਗਏ ਨਿਯਮਾਂ ਅਨੁਸਾਰ ਪਿਨਸ਼ਨਾਂ ਦਿਤੀਆਂ ਜਾਇਆ ਕਰਨਗੀਆਂ, ਅਤੇ ਜਾਂ ਉਹਨਾਂ ਦੀ ਬੇਨਤੀ ਤੇ, ਮੌਜੂਦਾ ਕਨੂੰਨ ਅਨੁਸਾਰ।

ਦਫ਼ਾ 60. ਸੋਵੀਅਤ ਯੂਨੀਅਨ ਦੀ ਮੰਤਰੀ ਕੌਂਸਲ ਦੇ ਜ਼ਿੰਮੇ ਮੌਜੂਦਾ ਕਨੂੰਨ ਦੇ ਆਧਾਰ ਤੇ, ਉਹਨਾਂ ਨਿਯਮਾਂ ਦੀ ਛਪਾਈ ਦਾ ਕੰ ਲਾਇਆ ਗਿਆ ਹੈ ਜਿਨ੍ਹਾਂ ਅਨੁਸਾਰ ਰਿਆਸਤੀ ਪਿਨਸ਼ਨਾਂ ਦਿਤੀਆਂ ਅ ਤਾਰੀਆਂ ਜਾਣੀਆਂ ਹਨ। ਖਾਸ ਕਰ, ਇਹਨਾਂ ਨਿਯਮਾਂ ਵਿਚ, ਮੌਜੂ ਕਨੂੰਨ ਦੀ ਦਫ਼ਾ 1 ਦੇ 'ੲ' ਤੇ 'ਸ' ਪੈਰਿਆਂ ਵਿਚ ਦਸੇ ਸ਼ਹਿਰੀਆਂ ਅ ਉਹਨਾਂ ਦੇ ਟਬਰਾਂ ਲਈ ਪਿਨਸ਼ਨਾਂ ਦੇ ਨਿਰਖ ਜ਼ਰੂਰ ਦਿਤੇ ਜਾਣੇ ਚਾਹੀ ਹਨ।

ਸੋਵੀਅਤ ਯੂਨੀਅਨ ਦੀ ਵਜ਼ੀਰ-ਕੌਂਸਲ ਦੇ ਜ਼ਿੰਮੇਂ ਉਸ ਫ਼ੈਸਲੇ ਛਪਵਾਉਣ ਦਾ ਕੰਮ ਵੀ ਲਾਇਆ ਗਿਆ ਹੈ, ਜਿਸ ਅਨੁਸਾਰ ਉਹ ਸ਼ਹਿਰੀਆਂ ਨੂੰ ਅਤੇ ਉਹਨਾਂ ਦੇ ਟਬਰਾਂ ਨੂੰ ਜ਼ਾਤੀ ਪਿਨਸ਼ਨਾਂ ਦਿਤੀਆਂ ਜਾਣੀ ਹਨ, ਜਿਨ੍ਹਾਂ ਨੇ ਰਿਆਸਤ ਲਈ ਸ਼ਾਨਦਾਰ ਕੰਮ ਕੀਤਾ ਹੋਵੇ।

ਦਫ਼ਾ 61. ਮੌਜੂਦਾ ਕਨੂੰਨ ਪਹਿਲੀ ਅਕਤੂਬਰ, 1956 ਨੂੰ ਲਾ ਹੁੰਦਾ ਹੈ।

ਕੇ : ਵੋਰੋਸ਼ੀਲੋਫ਼

ਸੋਵੀਅਤ ਯੂਨੀਅਨ ਦੀ ਸ਼੍ਰੋਮਣੀ ਸੋਵੀਅਤ ਦੇ ਪ੍ਰੀਜ਼ੀਡੀਅਮ ਦੇ ਪ੍ਰਧਾਨ

ਐਨ : ਪੀਗੋਫ਼

ਸੋਵੀਅਤ ਯੂਨੀਅਨ ਦੀ ਸ਼੍ਰੋਮਣੀ ਸੋਵੀਅਤ ਦੇ ਪ੍ਰੀਜ਼ੀਡੀਅਮ ਦੇ ਸਕੱਤਰ

ਜੁਲਾਈ 14, 1956

ਦੀ ਕ੍ਰਮਲਿਨ, ਮਾਸਕੋ।

BOOKLETS ON THE SOVIET UNION

1. **USSR—100 Questions And Answers** *in English & Hindi* 0.50
2. **Planning in The Soviet Union** 0.12
3. **Soviet Students** *in Hindi* 0.25
4. **A Hospital in a Soviet Village** 0.10
5. **Moslems in The USSR** *in English & Urdu* 0.20
6. **Marriage And Family in The USSR** *in Urdu* 0.20
7. **Who Governs The Soviet Country?** *in Urdu* 0.20
8. **Colonialism To-day** 0.20
9. **"Eisenhower Doctrine" – Doctrine of Aggression & Colonialism** 0.10

Available at :

1. People's Publishing House Private Ltd., 6/4, Asaf Ali Road, New Delhi
2. P. P. H. Bookstall, 421, Vallabhbhai Patel Road, Bombay-4.
3. New Century Book House, 199, Mount Road, Madras-2.
4. National Book Agency Ltd., 12, Bankim Chatterjee St., Calcutta-12.

Information Department of the USSR Embassy in India
25, BARAKHAMBA ROAD, NEW DELHI. POST BOX. 241 — PHONE: 40585